ਸਕਲ ਸੁਨਾਯੋ॥ ਸੁਨ ਸਿੰਘਨ ਸਭ ਸੀਸ ਨਿਵਾਯੋ॥ ਕਹਿ ਗੁਰਬਖ਼ਸ ਸਿੰਘ ਸੁਭ ਕਥਾ॥ ਸਿਖ ਸ੍ਰੋਤਾ ਪ੍ਰੇਮੀ ਸੁਨ ਤਥਾ॥੫੦॥ਦੋ:॥ ਰਾਮਦਾਸ ਕੁਲ ਰਾਮ ਕੌਰ ਗੁਰੁ ਉਕਤੀ ਕਹਿ ਚੁਪ॥ ਕਹਤੇ ਲਗੀ ਸਮਾਧ ਪਦ ਲਈ ਮੁਕਤ ਰਸ ਚੁਪ॥੫੧॥ਦੋ:॥ ਕਲਵਰਤਾਰਾ ਪਢ ਸੁਨੈ ਕਲਿਜੁਗ ਤਾਕਾ ਦਾਸ॥ ਪਾਪ ਭਗੈ ਭਗਤੀ ਜਗੈ ਧੰਨ ਸਿਖ ਕੀ ਆਸ॥੫੨॥ ਇਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਪੰਚਮ ਰੁਤੇ ਖਸਟ ਤ੍ਰਿੰਸਤੀ ਅੰਸੁ॥੩੬॥ ਦੋ: ਕੇ ਤਿਕ ਦਿਨ ਬੀਤੈ ਬਹੁਰ ਬੈਠੇ ਸਭਾ ਮਝਾਰ ਕਰੈ ਰਬਾਬੀ ਕੀਰਤਨ ਸੁੰਦਰ ਸਬਦ ਉਦਾਰ॥੧॥ਚੋ:॥ ਰਾਮ ਕੁਇਰ ਨਿਜ ਤਿਆਗ ਸਮਾਧ॥ ਰਿਦੈ ਧਿਆਨ ਧਰ ਗੁਰੂ ਅਗਾਧ॥ ਸਿਖ ਸੰਗਤ ਗਨ ਸਿੰਘ ਜਿ ਸ੍ਰੋਤਾ॥ ਸੁਨ ਸੁਨ ਸਭ ਕੇ ਅਨੰਦ ਉਦੋਤਾ॥੨॥ ਸਤਿਗੁਰੁ ਕਥਾ ਕਰਨ ਲਗ ਭਾਈ॥ ਗੁਰ ਸੇਵਕ ਤੇ ਤਨ ਮਨ ਭਾਈ॥ ਭਗਤ ਗਿਆਨ ਤੇਪੂਰਨ ਜੋਈ॥ ਸਿਖੀ ਅਰ ਵਿਰਾਗ ਮਹਿ ਭੋਈ॥੩॥ ਸਦੂ ਮਦੂ ਦੋਨੋਭ੍ਰਾਤਾ॥[1] ਗਾਵੈ ਰਾਗ ਸੁਰਨ ਕੇ ਗਯਾਤਾ॥ ਕਰੀ ਬਿਲਾਵਲ ਚਉਕੀ ਚਾਰ॥ ਭੋਗ ਪਾਇ ਅਰਦਾਸ ਉਚਾਰ॥੪॥ ਪਾਛੈ ਸਿੰਘਨ ਬਿਨਤੀ ਕੀਨੀ॥ ਸਕਲ ਕਲਾ ਸਮਰਥ ਪ੍ਰਬੀਨੀ॥ ਕਲ ਮਹਿ ਕਰਯੋ ਖਾਲਸਾ ਬੀਰ॥ ਸਭ ਤੇ ਉਤਮ ਗੁਨੀ ਗਹੀਰ॥੫॥ਦੋ:॥ ਸਰਬ ਸਰੋਮਣ ਖਾਲਸਾ ਰਚਯੋ ਪੰਥ ਸੁਖਦਾਇ॥ ਬਿਨਇਕਰੀ ਦੋਊ ਮਤੇ ਜਗ ਮਹਿ ਅਧਿਕ ਸੁਹਾਇ॥੬॥ ਪੂਛੇ ਪਰਮ ਸੁ ਪ੍ਰੇਮ ਕਰਿ ਰਹਣੀ ਕੋ ਬਿਰਤੰਤ॥ ਕਿਸ ਕੋ ਦੇਵੈ ਕਿਮ ਰਹੈ ਕੈਸੇ ਵਰਤੈ ਸੰਤ॥੭॥ ਗੁਰੂ ਕਹੈ ਸੁਨ ਖਾਲਸਾ ਕੇਸ ਪਾਹੁਲੀ ਮੁਕਤ॥ ਖੰਡੇ ਕੀ ਸਭ ਤੇ ਭਲੀ ਕੈ ਚਰਨਨ ਦੀ ਜੁਕਤ॥੮॥ ਜੁਗ ਜੁਗ ਮਹਿ ਹਮ ਅਵਤਰੈ ਆਪਨੇ ਭਗਤਨ ਕਾਜ॥ ਰਹਨੀ ਰਹੈ ਸੁ ਖਾਲਸਾ ਸੋ ਮੇਰੋ ਸਿਰਤਾਜ॥੯॥ ਧਰੈ ਕੇਸ ਪਾਹੁਲ[2] ਬਿਨਾ ਭੇਖੀ ਮੂਰਖ ਸਿਖ॥ ਮੇਰਾ ਦਰਸਨ ਨਹੀ ਤਿਸ ਪਾਪੀ ਤਿਆਗੇ ਸਿਖ॥੧੦॥ ਏਕ ਮਜਬ ਰਹਨਾ ਭਲਾ ਦੋ ਮੈ ਰਹੈ ਨ ਕੋਇਹ॥ ਮੇਰੋ ਸਿਖ ਕਹਾਇ ਕੈ ਭਰਮੈ ਪਾਪੀ ਸੋਇ॥੧੧॥ ਤ੍ਰੈ ਪ੍ਰਕਾਰ ਮਮ ਸਿਖ ਹੈ ਸਹਜੀ ਚਰਨੀ ਖੰਡ॥ ਯਾਤੇ ਕੇਸੀ ਹੋਇ ਸਿਖ ਤੀਨੋ ਕਰੈ ਬਿਹੰਡ॥੧੨॥ਚੋ:॥ ਮੇਰਾ ਸੋ ਜੋ ਰਾਖੈ ਰਹਿਤ॥ ਗੁਰ ਆਇਸ ਮਹਿ ਨਿਸ[3] ਦਿਨ ਰਹਿਤ॥ ਪਹਰ ਰਾਤ ਕੇ ਕਰ ਇਸਨਾਨ॥ ਸੁਚ ਸੰਜਮ ਸੋ ਹੁਇ ਸਵਧਾਨ॥੧੩॥ ਜਪ ਆਦਿਕ ਗੁਰਬਾਣੀ ਪਾਠ॥ ਪਢੈ ਗੁਰਮੁਖੀ ਤਜ ਅਣ ਠਾਠ॥ ਸ੍ਰਤ ਅਰ ਸ੍ਰੁਤਿ ਗੁਰਵਾਕਨ ਧਾਰੈ॥ ਔਰ ਬਯਾਧ ਸਮ ਸਗਰੀ ਟਾਰੈ॥੧੪॥ ਨਹੀ ਪਾਰਸੀ ਅਰਬੀ ਪਢੈ॥ ਮੁਖ ਤੇ ਗੁਰੁ ਗੁਰ ਨਿਸ ਦਿਨ ਰਢੈ॥ ਨਹੀ ਤੁਰਕ ਕੋ ਸੀਸ ਨਿਵਾਵੈ॥ ਤਿਨ ਸੰਗਤ ਬੰਨੇ ਨਹਿ ਖਾਵੈ॥੧੫॥ ਚਾਕਰ ਬਨੈ ਜੀਵ ਕਾ ਹੇਤ॥ ਧਰੈ ਸਸਤ੍ਰ ਰਣ ਰਹੈ ਸੁਚੇਤ॥ ਕਬਹੂੰ ਨ ਕਰੈ ਲੋਭ ਕੀ ਭੀਤ॥ ਸਿਖ ਪਹਾੜੀ ਕਰੈ ਨ ਪ੍ਰੀਤ॥ ਚਾਰ ਬਰਨ ਸੋ ਬਰਤੈ ਐਸੇ॥ ਸੁਨੋ ਸਿਖ ਮਮ ਬਚ ਹੈ ਐਸੇ॥ ਬਾਮਣ ਚਰਣ ਪਾਹੁਲੀ ਹੋਵੈ॥ ਅਥਵਾ ਸਹਿਜਿ ਸਿਖੀ

---

1. ਭਰਾ, 2. ਅੰਮ੍ਰਿਤ, 3. ਰਾਤ ਦਿਨ

ਜੋਵੈ॥੧੭॥ ਮੇਰੋ ਸਿਖ ਆਨ ਸਭ ਤਿਆਗੈ॥ ਭੇਖੀ ਬਾਮਣ ਦਾਨ ਨ ਲਾਗੈ॥ ਦਿਜ ਲੋਭੀ ਨ੍ਹਿ ਨਿਕਟ ਬੁਲਾਵੈ॥ ਮੇਰੋ ਹੋਇ ਸੁ ਮੁਖ ਨਹਿ ਲਾਵੈ॥੧੮॥ ਸਰਵਰ ਗੁੱਗਾ ਆਦਿ ਜੁ ਪੀਰ॥ ਦਿਜ ਦਿਜਨੀ ਸੰਵੈ ਹੈ ਭੀਰ॥ ਤਿਸਕੀ ਸੰਗਤ ਸਿਖ ਨ ਬੈਸੈ॥ ਦੈਨੋ ਦਾਨ ਕਹਾ ਫਲ ਐਸੇ॥੧੯॥ ਗੁਰੁ ਗੁਰੁ ਸਿਖ ਕੀ ਨਿੰਦਾ ਕਰੈ॥ ਤਿਸ ਦਿਜ ਕੋ ਦੈਸੋ ਦੁਖ ਭਰੈ॥ ਜੇਕੋ ਮੇਰੋ ਹੋਇ ਨ ਸਿਖ॥ ਤਿਸ ਬਾਮਣ ਕੋ ਦੇਇ ਨ ਭਿਖ॥੨੦॥ ਦਿਜ ਬਿਨ ਕੇਸ ਜੁ ਪਾਹੁਲਧਾਰੇ॥ ਤਿਸ ਪਾਖੰਡੀ ਦੂਰ ਨਿਵਾਰੇ॥ ਸੁਚ ਸੰਤੋਖ ਰਹਤ ਕੋਰਾਖਨਿ॥ ਧਰੈ ਧ੍ਰਮ ਸ੍ਰੁਤਿ ਕਰੈ ਜੁ ਭਾਖਨ॥੨੧॥ਦੋ:॥ ਮੇਰੇ ਸਿਖਨ ਲੇਖ ਧਰ ਦਾਨ ਲੂਟਬੇ ਹੇਤ॥ ਧਰੈ ਕੇਸ ਰਿਖ ਧੰਧ ਤਜਿ ਕਪਟੀ ਪਾਪੀ ਕੇਤ॥੨੨॥ ਬਿਪ੍ਰ ਬਰਣ ਉਤਮ ਬਡਾ ਤੀਨ ਦੇਵ ਕਉ ਰੂਪ॥ ਪਲਟਿ ਮਜਬ ਪੀਰਨ ਜਜੈ ਸੋ ਪਾਪੀ ਪਰੈ ਕੂਪ॥੨੩॥ ਭੇਖ ਕੇਸ ਧਰ ਆਨ ਸਿਖ ਪੂਜਤਤੁ ਛਨ ਦੇਵ॥ ਤਾਹਿ ਨ ਪਾਨੀ ਦੀਜੀਏ ਮੇਰਾ ਸਿਖਨ ਸੇਵ॥ ਕੇਸਾ ਪਹਿਰੀ ਭੇਖਿਆ ਜੀਵਨ ਕੇ ਤਿਨ ਕਾਲ॥ ਧਰੇ ਕੇਸ ਚੰਡਾਲ ਸਮ ਦੇਨ ਦਾਨ ਹੁਇ ਪਾਜ॥੨੫॥ਚੋ:॥ ਮਢੀ[1] ਮਸਾਣੀ ਗੋਰਨ ਮਾਨੈ॥ ਭੇਖੀ ਕੋ ਨਹਿ ਦੇਵੈ ਦਾਨੈ॥ ਜੰਹ ਕੰਹ ਕੋ ਨਹਿ ਖਾਇ ਪ੍ਰਸਾਦਿ॥ ਕਰੈਜਿ ਤੀਨੋ ਸਿਖ ਸੋ ਬਾਦ॥੨੬॥ ਬਿਨ ਬ੍ਰੂਝੇ ਦੇਵਨ ਕੋ ਜਜੈ॥ ਮੈ ਛੋੜਾ ਤਿਹਿ ਸੋ ਮੁਹਿ ਤਜੈ॥ ਮੇਰਾ ਸਿਖ ਜੋ ਤੀਰਥ ਜਾਵੈ॥ ਦੇਹਿਅਤਿ ਥਕੋ ਭੋਗ ਭ੍ਰਗਾਵੈ॥੨੭॥ ਦੇਇ ਜੁ ਦਾਨ ਪਰਬ ਕੋ ਮਾਨ ਗੁਰ ਬਿਵਾਸ॥ ਗੁਰ ਅਸਥਾਨ॥ ਦੇਖੈ ਨਾਹਿ ਤੀਰਥਨ ਪਾਂਡੇ॥ ਕਰੈ ਭੇਖ ਬਨਿਆਵੈ ਆਡੇ॥੨੮॥ ਕਹੈ ਇਕਾਤ ਪ੍ਰੀਤ ਜਨਦ੍ਰੂਰ॥ ਮਮ ਬਿਚਾਰ ਸੋ ਨਿਤ ਭਰਪੂਰ॥ ਸਿਖ ਭ੍ਰਗਾਵੈ ਮੇਰਾ ਸਿਖ॥ ਕੇਸ ਬੇਖ ਨਹਿ ਮੇਰੋ ਬਿਖ॥੨੯॥ਦੋ:॥ ਵੈਸ ਕੇਸ ਕੈ ਕੇਸ ਬਿਨ ਮੇਰਾ ਹੋਇ ਨਿਸੰਗ॥ ਬਾਮਨ ਸੋਈ ਬਯਾਸ ਸਮ ਦੇਵੈ ਦਾਨ ਉਮੰਗ॥੩੦॥ ਕੰਨਯਾ ਦੇਵੈ ਸਿਖ ਕੋ ਲੇਵੈ ਨਹਿ ਕਛੁ ਦਾਮ॥ ਸੋਈ ਮੇਰਾ ਸਿਖ ਹੈ ਪਹੁਚੈ ਲੈ ਮਮ ਧਾਮ॥੩੧॥ ਗੁਗਾ ਸਰਵਰ[2] ਪੀਰ ਜੋ ਜੋਗੀ ਭ੍ਰਤਨ ਸੇਵ॥ ਗੁਰ ਪੂਜੈ ਸਭ ਕਾਜ ਮੈ ਪਹੁਚੈ ਅਮ ਦਪਰ ਏਵ॥੩੨॥ ਜਪ ਆਨੰਦ, ਪਢ ਜਾਪ ਪਢ ਥੋਰਾ ਸਾਰਾ ਸਿਖ॥ ਰਹਰਾਸ ਆਰਤੀ ਸਬਦ ਪੁਲ ਕੀਰਤਨ ਸੁਨੈ ਸੁ ਭਿਖ॥੩੨॥ ਸਿਖ ਸਿਖਣੀ ਮਿਲ ਬਹੈ ਚਰਚਾ ਕਰੈ ਅਪਾਰ॥ ਭਜਨ ਸਿਖਾਵੈ ਪੁਤ੍ਰ ਕੋ ਨਿਤ ਭਜਿ ਬਰਿਮ ਬਾਰ॥੩੪॥ ਖਤ੍ਰੀ ਬੈਸ ਕਿ ਸੂਦ੍ ਸਿਖ ਸ੍ਰਾਧ ਪਿਤਰ ਕੋ ਜਾਨ॥ ਕਰੈ ਕਰਾਵੈ ਬਿਪ੍ ਸਿਖ ਅਜ ਬਿਪ੍ ਨਹਿਆਨ॥੩੫॥ ਦੇਇ ਕੁਦਾਨ ਜੁ ਸਿਖ ਮਮ ਗ੍ਰਾਹਕ ਜਾਵੈ ਨਰਕ॥ ਅਪਨੋ ਤਲ ਤਾਕੋ ਬੁਰਾ ਤਾਹੀ ਤੇ ਰਹਿ ਫਰਕ॥੩੬॥ ਗੁਰੂ ਭਰੋਸਾ ਆਸ ਗੁਰਨਹਿ ਕੋ ਲੋਕ ਪ੍ਰਲੋਕ॥ ਗਯਾਨ ਧਯਾਨ ਇਸਾਨ ਜੁਤ ਸਿਖੀ ਰੀਤ ਅਸੋਕ॥੩੭॥

---

1. ਮੁਗਲਾਂ ਨੂੰ ਸਿਰ ਨਾ ਨਿਵਾਵੇ, 2. ਗੁੱਗਾ ਪੀਰ ਜਾਂ ਸਖੀ ਸਰਵਰ ਨੂੰ ਮੰਨਣ ਵਾਲਾ

ਪਰ ਨਾਰੀ ਰਮਤਾ[1] ਜੁਈ ਪਢੈ ਪਾਰਸੀ ਜੀਵ॥ ਨਾ ਮੈ ਤਿਸਕਾ ਨਾਹਿ ਮਮ ਸਿਖਨ ਜਲ ਤਿਸ ਪੀਵ॥੩੮॥ ਪੜੈ ਪਾਰਸੀ ਜਾਹਿ ਘਰ ਤਾਕਾ ਨਹੀ ਬਿਸਾਹ॥ ਤਾਕਾ ਛੁਹਯਾ ਨ ਖਾਇਐ ਤਜਯੋ ਧਰਮ ਕੋ ਰਾਹ॥੩੯॥ ਸ੍ਰਾਧ ਕਰਾਈ ਬਯਾਹ ਧਨ ਮਮ ਸਿਖ ਬਿਪ੍ਰ ਜਿ ਖਾਹਿ॥ ਸੋ ਭੇਖੀ ਪਾਪੀ ਅਧਿਕ ਅਤਿ ਧਨ ਦੇਇ ਜੁ ਨਾਹਿ॥੪੦॥ ਗ੍ਰਹ ਪੂਜਾ ਪੁਨ ਗ੍ਰਾਇਤ੍ਰੀ ਬੇਟੇ ਦਾਮ ਲੈ ਬਿਪ੍ਰ॥ ਗ੍ਰਹਨ ਦਾਨ ਛਾਯਾ ਪਸੁ ਖਾਵਤ ਨਰਕੀ ਛਿਪ੍ਰ॥੪੧॥ ਗ੍ਰਹਣ ਸਮੈ ਪੂਜਾ ਜਪੈ ਤਰਖਣ ਹੋਮ ਸਾਨ॥ ਛੂਟੈ ਗ੍ਰਾਹਣ ਦੇ ਦਾਨ ਕੋ ਸੋ ਮਮ ਸਿਖ ਸੁਭ ਜਾਨ॥੪੨॥ ਦਾਨ ਲੇਇ ਜੋ ਗ੍ਰਹਨ ਮੈ ਆਤਮ ਘਾੜੀ ਮੂਢ॥ ਮੇਰਾ ਸਿਖ ਤਿਸ ਬਿਪ੍ਰ ਕੋ ਗੋਰੈ ਕੂਪਨ ਗੂਢ॥੪੩॥ ਦਾਨ ਪਤਿ ਗ੍ਰਹ ਨਿਰਧਨਾ ਲੇਤਕ ਲੀਨੀ ਜੋਇ॥ ਸੁ ਮਲੇਛ ਹੁਇ ਬਿਪ੍ਰਤਾ ਤਾਹਿ ਸੁਰਗੁ ਨਾ ਹੋਇ॥੪੪॥ ਕਨਯਾਧਨ[2] ਜੋ ਗ੍ਰਹਨਧਨ[3] ਦੇਵ ਪੂਜ ਜੋ ਖਾਇ॥ ਇਹਾ ਤਜੈ ਤਿਹ ਕੋ ਸਕਲ ਭਲੀ ਨ ਗਤਿ ਸੋਪਾਇ॥੪੫॥ ਮਰਾ ਸਿਖ ਗਰੰਥ ਕੀ ਪੂਜਾ ਲੇ ਅਰਦਾਸ॥ ਲਿਖਿ ਖਾਵੈਝੂਠਾ ਚੁਗਲ ਸੋ ਮੇਰਾ ਨਹਿ ਦਾਸ॥੪੬॥ ਜੋ ਲੇ ਪੂਜਾ ਦਰਬ ਕੋ ਦੇਗ ਦੇਇ ਬੰਡ ਪਾਇ॥ ਕਰੈ ਜਮਨ ਮੈ ਲੋਭ ਜੋ ਕਰੈ ਸੁ ਮਿਲੈ ਸਜਾਇ॥੪੭॥ਚੋ:॥ ਖਾਲਸਾ ਸੋ ਜੋ ਲੇਇ ਨ ਦਾਨਾ॥ ਹਿੰਦੂ ਤੁਰਕ ਦੀ ਰਖੈ ਨ ਆਨਾ॥ ਦਿਜ ਪਤਿ ਗ੍ਰਾਹੀ ਛੂਟੇ ਨ ਅੰਗਾ॥ ਸੋ ਮੇਰਾ ਹੋ ਤਿਸਕਾ ਸੰਗਾ॥੪੮॥ਦੋ:॥ ਭੇਖਨ ਪਯਾਰੋ ਮੋਹਿ ਕੋ ਬਰਨਨਹੀ ਪ੍ਰਿਅ ਕਾਹਿ॥ ਰਹਤ ਪਿਆਰੀ ਮੋਹ ਕੋ ਸਿਦਕ ਪੀਯ ਮਮ ਆਹਿ॥੪੯॥ ਸਸਤ੍ਰ ਧਾਰਕ ਰਖਾਇਏ ਇਹ ਛਤ੍ਰਨ[4] ਕੀਰੀਤਾ॥ ਦਿਸ ਸੋਤੋਖੀ ਦਾਨ ਤਲ ਲਖਾਵੈ ਭਜੈ ਸੁਮੀਤਾ॥੫੦॥ ਰਹਨੀ ਸਤਗੁਰ ਸਿਖ ਕੀ ਕਹੀ ਜੁਹਿਤ ਚਿਤਲਾਇ॥ ਪਢੈ ਸੁਨੈ ਭਕਤੀ ਲਹੈ ਮੁਕ ਗੁਰੂ ਘਰ ਜਾਇ॥੫੧॥ ਇਤਿ ਸ੍ਰੀ ਗੁਰ ਪ੍ਰਤਾਪ ਸੂਰ ਗ੍ਰੰਥੇ ਪੰਚ ਮਰਤੇ ਸਪਤ੍ਰਿੰਸਤੀ ਅੰਸੂ॥੩੭॥ ਛੰਦ॥ ਸੁਨ ਇਮਿ ਬਚਨ ਪਰੇ ਚਰਨਨ ਪਰ ਸੰਸਯ ਸਭ ਤਜ ਦੀਨੈ॥ ਜਾਨੀ ਜਾਨ ਦਿਏ ਉਦੇਸ ਗ੍ਰਹਨ ਕਰਤ ਅਘਛੀਨੇ॥[5] ਕਹੂੰ ਕਹੂੰ ਅਰਥ ਕੂਟ ਅਤਿ ਰਾਖਯੋ ਸਮਝਨ ਸਕ ਤਿਯਾਨੇ॥ ਤਾਤੇ ਤਬਾ ਲਿਖਯੋ ਹੈ ਹਮਹੂੰ ਜਥਾ ਸੰਤੋਖ ਸਿੰਘਾਨੇ॥੩॥ਦੋ:॥ ਸਾਹਿਬ ਸਿੰਘ ਸੁਨ ਸਤਗੁਰੂ ਗਏ ਸੈਨ[6] ਅਸਥਾਨ॥ ਪ੍ਰਾਤ ਬਿਰਾਜੇ ਸਭਾ ਮੈ ਲਾਗਯੋ ਦਿਵਸ ਦਿਵਾਨ॥੪॥

ਸਾਖੀ॥੧੪੭॥ਚੋ:॥ ਉਪਦੇਸਤ ਸਿੰਘਨ ਗੁਰੂ ਗਯਾਨਾ॥ ਸਤਨਾਮ ਸਿਮਰਨ ਸੁਖ ਸਾਨਾ॥ ਇਤਨੇ ਮਹਿ ਇਕ ਨਾਰੀ ਆਈ॥ ਪਗ ਪ੍ਰਭ ਗਹਿ ਰੋਵਤ ਘਿਘਿ ਆਈ॥੧॥ ਮਮ ਪਤਿ[7] ਇਤ ਆਵਤ ਲਰਿ ਮਰਾ॥ ਬਾਸ ਜਲਾਲਾਬਾਦ ਸੁ ਕਰਾ॥ ਮੈ ਬਿਧਿਵਾ ਅਰੁ ਜੁ ਬਾਦਯਾਲਾ॥ ਹੋ ਹੈ ਕੈ ਜੋ ਮੋਰ ਹਵਾਲਾ॥੨॥ ਤਿਹ ਗੁਰ ਦੀਨੋ ਧੀਰਜ ਦਾਨਾ॥ ਸੰਗ ਜਲਾਲਾਬਾਦ ਸੁਜਾਨਾ॥ ਗਈ ਦੇਸ ਨਿਜ ਤਬ ਸੋ ਨਾਰੀ॥ ਇਤ ਗੁਰ ਸਿੰਘਨ ਸੰਗ

---

1. ਪਰਾਈ ਇਸਤ੍ਰੀ ਦਾ ਸੰਗ ਕਰਨ ਵਾਲਾ, 2. ਲੜਕੀ, 3. ਔਰਤ, 4. ਖੱਤਰੀਆਂ ਦੀ, 5. ਪਾਪ ਦੂਰ ਕੀਤੇ, 6. ਅਰਾਮ ਕਰਨ, 7. ਪਤੀ

ਉਚਾਰੀ॥੩॥ ਸੁਨੋ ਖਾਲਸਾ ਦੀ ਬਚ ਮੇਰੋ॥ ਤਯਾਗਹੁ ਸਸਤ੍ਰਨ ਸਾਂਝ ਸਵੇਰੋ॥ ਜੁਧ ਮੈ ਜਬ ਪ੍ਰਾਪਤ ਹੋਈ॥ ਵਾਰ ਭਗੌਤੀ ਪਢਿਅਹਿ ਸੋਈ॥੪॥ ਤੁਰਕਨ ਸੰਗ ਸੰਗਤ ਕੋ ਜਾਨੋ॥ ਬਧਤ ਬਿਰੋਧ ਗਯੋ ਬਹੁ ਮਾਨੋ॥ ਸਸਤ੍ਰ ਹੋਇ ਬਢ ਆਗੈ ਮਾਰੈ॥ ਮਰਤ ਸਰਗ ਜਸ ਜਿਅਤ ਨਿਹਾਰੇ॥੫॥ ਪ੍ਰੀਤ ਮੀਤ ਤਾਤੇ ਬਹੁ ਭਏ॥ ਹਰਖ ਸੋਕ ਭਲ ਬੁਰੇ ਕਹਏ॥ ਜਪੈ ਨਾਮ ਗੁਰੁ ਸਿਦਕ ਕਮਾਵੈ॥ ਗੁਰ ਪਾਇਨ ਪਰ ਜਗਤ ਤਤ ਰਾਵੈ॥੬॥ ਸਾਹ ਸਿਕੰਦਰ ਜਬਹੀ ਭਯੋ॥ ਕਰੇ ਜੰਗ ਅਤਿ ਤੇਜ ਬਢਯੋ॥ ਸਾਲ ਪਤ੍ਰ ਬਿਦਯਾ[1] ਤਿਹਿ ਪਾਸਾ॥ ਨਹ ਜਾਨਤ ਜਿਹਿ ਕੁਉ ਬੁਧਿਰਾਸ॥੭॥ ਇਕ ਲੁਦ ਨਗਰ ਰਹਤ ਜਿਹ ਜਾਨਾ॥ ਭਯੋ ਪਚਾਸ ਬਰਖ ਸਵਧਾਨਾ॥ ਮਰਤੀ ਬਾਰ ਤਾਹਿ ਜਿਹਿ ਕਹੀ॥ ਤਿਹ ਤੇ ਹਰਾਹੁ ਹੀਅ ਮੈ ਗਹੀ॥੮॥ ਹੋਇ ਘਾਉ ਕੈ ਸਹੁ ਕ੍ਰਿਪਾਨਾ॥ ਅਸ ਪਹਰ ਮਹਿਤਦਵ ਜਾਨਾ॥ ਇਹ ਬਿਧਿ ਦੇਤ ਅਧਿਕ ਉਪਦੇਸਾ॥ ਕਲਗੀਧਰਨ ਪ੍ਰਾਤਾਪ ਦਿਨੇਸਾ॥੯॥

ਸਾਖੀ॥੧੪੮॥ਦੋ:॥ ਨਕੇ ਝੰਗ ਮਘਣ ਮੈ ਭਗਤ ਸਿੰਘ ਜਿਹ ਨਾਮ॥ ਖਤ੍ਰੀ ਜਾਤ ਸੁ ਪ੍ਰੇਮ ਨਿਧਿ ਭਯੋ ਬ੍ਰਿਧ ਬਲ ਬਾਮ॥੧॥ਚੋ:॥ ਇਕ ਦਿਨ ਤਿਨ ਨਿਜ ਤਿਅਸਨ ਕਹੀ॥ ਸਤਰ ਬਰਖ ਆਯੁ ਮਮ ਅਹੀ॥ ਅਬ ਸੁਤ ਉਤਪਤ ਹੋਨ ਨ ਹਾਰਾ॥ ਜਾਤ ਜਨਮ ਬਿਰਥਾ ਘਰ ਦਵਾਰਾ॥੨॥ ਤਾਤੇ ਚਲ ਸਤਗੁਰ ਕੀ ਸਰਨਾ॥ ਦੀਨ ਬੰਧੁ ਜਾਗੇ ਜੁਗ ਚਰਨਾ॥ ਤਹਹਿ ਸੇਵਾ ਕਰ ਜਨਮ ਬਿਤੈਹੌਂ॥ ਅੰਤ ਮੁਕਿਤ ਗੁਰੁ ਲੋਕ ਸਿਧੈਹੌਂ॥੩॥ ਅਸ ਬਿਚਾਰ ਅਨੰਦਪੁਰ ਆਯੋ॥ ਸੇਵਾ ਕਰਤ ਰਹਯੋ ਮੁਦ ਛਾਯੋ॥ ਔਰਨ ਕੀ ਸੁਲੀਦ ਕੋ ਦਾਨਾ॥ ਖਾਤ ਰਹਯੋ ਸੇਵਕ ਸੁਖ ਸਾਨਾ॥੪॥ ਦਾਦਸ[2] ਬਰਖ ਸੇਵ ਇਮਿ ਕੀਨੀ॥ ਇਕ ਦਿਨ ਪ੍ਰਭੂ ਪ੍ਰਸੰਨਤਾ ਚੀਨੀ॥ ਲਯੋ ਰਾਮ ਜੰਗਾ ਨਿਜ ਕਰਮੈ॥ ਮਾਰਨ ਲਗੇ ਭਗਤ ਸਿੰਘ ਉਰਮੈ॥੫॥ ਤਨੀਤੋਰ ਤਬਹੀ ਤਿਨ ਦੀਨੀ॥ ਸਨਮੁਖ ਭਯੋ ਸੰਕ ਨਹਿ ਕੀਨੀ॥ ਪੂਛੀ ਪ੍ਰਭ ਕਿਮ ਤੋਰੀ ਤਨੀ॥ ਤਿਨ ਤਬ ਕਹੀ ਕਿ ਮੇਰੀ ਬਨੀ॥੬॥ ਨਾਥ ਹਾਥੁ ਲਗ ਗੋਰੀ ਲਾਗੈ॥ ਮੁਕ ਸਰੂਪ ਮਿਟੇ ਬਡਭਾਗੈ॥ ਤਾ ਮੈ ਕਪਟ ਰਹੈ ਪਟ ਪਗ॥ ਅਸ ਮੰਜਮ ਅਸ ਮਮ ਉਰ ਫੁਰਾ॥੭॥ ਤਾਤੇ ਤਨੀ ਤੋਰ ਗੁਰ ਰਾਈ॥ ਮਾਰਿਅ ਮੋਹੈ ਬਿਨਯ ਇਮ ਗਾਈ॥ ਕਹਯੋ ਭਗਤ ਸਿੰਘ ਭਗਤ ਹਮਾਰਾ॥ ਪੈਹੈਂ ਮੁਕਤੀ ਸੁਖ ਫਲ ਭਾਰਾ॥੮॥ ਪੈ ਸਭ ਜਨਮ ਨ ਸੰਕਾ ਏਹੀ॥ ਗੁਰ ਅਸਮਰਥ ਨ ਦਿਅ ਸੁਤ ਏਹੀ॥ ਤਾਤੇ ਯਾਹਿ ਦੇਹੁ ਮੈ ਬੇਟੇ॥ ਆਯੁ ਬ੍ਰਿਧ ਮੈ ਸਭ ਭ੍ਰਮ ਮੇਟੇ॥੯॥ ਸੋ ਸ੍ਰੀ ਭਗਤ ਸਿੰਘ ਚਿਰਕਾਲਾ॥ ਨਿਵਸੇ ਸਰ ਅੰਮ੍ਰਿਤ ਸੁ ਬਿਸਾਲਾ॥ ਤੀਰਥ ਨਨਕਾਨੇ ਸੁਖ ਚਹਾ॥ ਮਨੀ ਸਿੰਘ ਜੀ ਬੈਠੇ ਤਹਾਂ॥੧੦॥ ਪੰਜ ਪਿਆਲੇ ਪਾਚ ਹੁ ਪੀਰਾ॥ ਛਠਮ[3] ਪੀਰ ਗੁਰ ਭਾਰੀ ਧੀਰਾ॥ ਸੁਨ ਗਾਇਕ ਮੁਖ ਪੁਛਨ ਕੀਨੋ॥ ਭਾਰੀ ਪੀਰ ਪ੍ਰਕ੍ਰਿਤ ਕਿਮ ਚੀਨੋ॥੧੧॥ ਗੁਰ ਬਿਲਾਸ

1. ਵਿਦਿਆ, 2. ਬਾਰਾਂ ਸਾਲ, 3. ਛੇਵਾਂ

ਖਸਟ ਮਧ ਤਸਾਹੀ॥ ਸੰਤੋਖ ਸਿੰਘ ਬਰਨਯੋ ਤਬ ਤਾਹੀ॥ ਸਭ ਸਿੰਘਨ ਸੰਦੇਹਂ ਦੂਰਾਯੋ॥ ਹਰਿ ਗੁਬਿੰਦ ਗੁਰ ਜਸ ਪ੍ਰਗਟਾਯੋ॥੧੨॥

ਸਾਖੀ॥੧੪੯॥ ਇਤ ਸ੍ਰੀ ਗੁਰੁ ਪਦ ਪ੍ਰੇਮ ਪ੍ਰਕਾਸ ਪੁਰਾਨੇ ਸ੍ਰੀ ਗੁਰ ਖੰਡ ਦਸਮ ਮੰਡਲ ਉਤ੍ਰਾਰਧੇ ਕੁਰਖੇਤ੍ਰਾ॥ ਦਿਜ ਤਿਅ[1] ਦੁਖ ਹਰਨ ਭੀਮ ਚੰਦ ਜੁਧ ਭਵਿਖਯਤ ਬਰਨਾਤਮ ਏਕ ਬਿੰਸਤਮੀ ਪ੍ਰਾਂਤ॥੨੧॥ਦੋ:॥ ਕਬਹੁਕ ਸ੍ਰੀ ਸਤਗੁਰ ਨਿਕਟ ਗੁਨਿ ਜਨ ਜੁਰਯੋ ਸਮਾਜ॥ ਮਤ ਚਰਚਾ ਤਿਹਨਾਂ ਚਲੀ ਪ੍ਰੀਤ ਪ੍ਰਤੀਤ ਸੁਸਾਜ॥੧॥ਚੌ:॥ ਬਾਵਨ[2] ਕਬਿ ਬੈਠੇ ਗੁਰ ਆਗੇ॥ ਬਰਨਤ ਨਿਜ ਨਿਜ ਮਤਨ ਬਿਭਾਗੇ॥ ਕਿਨਹੁ ਕਹੀ ਰਾਮਾਨੁਜਿ ਨੀਕੇ॥ ਮਾਧਵਾ ਚਾਰਜ ਕਿਨ ਕਹਿ ਹੀਕੇ॥ ਨਿੰਬਾਰਕ ਕਾਹੂੰ ਤਬ ਕਹੇ॥ ਸੰਕਰ ਦਤ ਦਾਹੁ ਉਰ ਲਹੇ॥੨॥ ਕਾਹੂ ਕਛੂ ਕਾਹੂੰ ਕਛੂ ਕਹਾ॥ ਨਿਜਨਿਜ ਅਨੁਮਤਿ ਆਸਯ ਮਹਾ॥ ਸਤ ਗੁਰੁ ਕਹੀ ਸੁਨਹੁ ਸੁਖਦਾਈ॥ ਸਭਹੀ ਭਲੇ ਭਾਉ ਅਧਿਕਾਈ॥੩॥ ਪੈ ਗੁਰ ਸਿੱਖ ਸਭ ਹੀ ਤੇ ਬੜੇ॥ ਪੂਛੀ ਗੁਨਿਨ ਕਹਿ ਸਮਿਤ ਅੜੈ॥ ਸਤਗੁਰ ਕਹੀ ਸੁਨਹੁ ਚਿਤ ਲਾਈ॥ ਇਕ ਨਗਰੀ ਇਕ ਸਿਖ ਰਹਾਈ॥੪॥ ਚਾਰ ਭ੍ਰਾਤ ਤਾਕੇ ਅਤਿ ਸੁੰਦਰ॥ ਘਰਨੀ ਸੁਘਰ ਕਾਮ ਤਿਅ ਸਮ ਸਰ॥ ਸੰਤ ਸਾਧ ਸਿਖਨ ਕੋ ਸੇਵਕ॥ ਜਥਾ ਸਕ ਲਗੁ ਭੇਟਾ ਦੇਵਕ॥੫॥ ਤਾਕੇ ਗੁਰੁ ਤਿਹ ਇਹ ਉਪਦੇਸਾ॥ ਚਹਹੁ ਜੁ ਜੀਤਨ ਕਾਲ ਕਲੇਸਾ॥ ਸੇਵਾ ਕਰੈ ਸੁ ਸਿਖਨ ਕੇਰੀ॥ ਜਾ ਕੇ ਉਰ ਭਾਵਨਾ ਘਨੇਰੀ॥੬॥ ਸੇਵਾ ਮਹਿ ਭ੍ਰਮ ਉਰ ਮਤਿ ਕਰੀਓ॥ ਲੋਕ ਲਾਜ ਤੇ ਨਾਹਿਨ ਡਰਿਓ॥ ਨਿਤ ਸੇਵਤ ਨਿਜ ਗੁਰ ਬਚ ਮਾਨੀ॥ ਭਾਇਨ ਕਰੀ ਕੁਭਾਇ ਗਿਲਾਨੀ॥੭॥ ਘਰ ਲੁਟਾਇ ਕਰ ਦਿਨ ਦਸਮਾਹੀ॥ ਹੋਹੁ ਫਕੀਰ ਜਾਨ ਸਕ ਨਾਹੀ॥ ਤਾਤੇ ਤਾਹਿ ਬਿਲਗ ਕਰ ਦੀਨੋ॥ ਅਤਿ ਪ੍ਰਸੰਨ ਮਨ ਤਿਨ ਤਬ ਚੀਨੋ॥੮॥ ਇਕ ਘੋਰੀ ਇਕ ਗਾਇ ਸੁ ਦਈ॥ ਬਿਨ ਘਰਨੀ[3] ਘਰ ਸੰਪਤ ਲਈ॥ ਇਤਨੇ ਮੈ ਇਕ ਗੁਰਮੁਖ ਆਯੋ॥ ਤਿਹਿ ਮਿਲਿ ਚਲਯੋ ਸਿਖ ਤਬ ਗਾਯੋ॥੯॥ ਛਕਹੁ ਪ੍ਰਸਾਦ ਰਹਹੁ ਮਮ ਗ੍ਰੇਹਾ॥ ਕਰਹੁ ਪਵਿਤ੍ਰ ਮੋਰ ਅਸਨੇਹਾ॥ ਗੁਰਮੁਖ ਕਹੀ ਕਾਜਮੁਹਿ ਭਾਰੀ॥ ਜੈ ਹੌਂ ਆਗਲ ਗ੍ਰਾਮ ਮੰਝਾਰੀ॥੧੦॥ ਤਬ ਤਿਨ ਤਿਹਿ ਘੋਰੀ ਸੁ ਚਢਾਯੋ॥ ਨਿਜ ਸਿਖਨੀਸਨ ਹੁਕਮ ਸੁਨਾਯੋ॥ ਮਮ ਪਾਛੇ ਆਵਹਿ ਸਿਖ ਕੋਈ॥ ਸੇਵਹੁ ਮਨਸਾ ਬਾਚਾ ਸੋਈ॥੧੧॥ ਜੁਇ ਜੁਇ ਕਹਹਿ ਸੁਈ ਸੁਇ ਕਰਿਓ॥ ਲਖ ਨਿਜ ਕਹਿ ਨਵ ਬਾਤੁਨ ਡਰਿਯੋ॥ ਤਾਹਿ ਜਾਤ ਦੂਸਰਾ ਸਿਖ ਆਯੋ॥ ਭੀਜਯੋ ਸੀਤ ਬਾਤ ਤਪ ਭਾਯੋ॥੧੨॥ ਤੁਰਤ ਸਿਖਨੀ ਤਾਹਿ ਛਕਾਯੋ॥ ਪਲੰਗ ਬਿਛਾਇ ਸੁਬਤ੍ ਉਢਾਯੋ॥ ਅਗਨ ਅਧਿਕ ਇਤ ਉਤਦਹਕਾਈ॥ ਤਊ ਨ ਤਾਕੋ ਸੀਤ ਸਿਰਾਈ॥੧੩॥ ਤਿਨ ਤਬ ਕਹੀ ਸੈਨਿ ਸੰਗ ਤੇਰੇ॥ ਕਰਹੁ ਸੀਤ ਉਤਰਹਿ ਇਹ ਬੇਰੇ॥ ਤਿਨ ਤਬ ਤਥਾ ਕਰੀ ਨਹਿ ਟਾਰੀ॥ ਸਤਿ[4] ਨਿਵਾਰਨ[5] ਤਾਂ ਸੰਗ ਪਰੀ॥੧੪॥ ਜਾਤ ਕੇ ਗਰ ਗਹ ਬਾਹੀ ਦਈ॥ ਭੁਜ ਧਰ ਸਿਰ ਤਿਨ ਮੈਨ ਸੁ ਕਈ॥ ਤਬ ਲੌ[6] ਤਾਕੋ ਪਤ[7] ਤਿਹ ਆਯੋ॥ ਦ੍ਵਾਰ ਖੋਲ ਅਸ ਬਚਨ

1. ਪਤਨੀ, ਇਸਤ੍ਰੀ, 2. ਕਵੀ, 3. ਇਸਤ੍ਰੀ, 4. ਠੰਡ, 5. ਦੂਰ ਕਰਨ, 6. ਉਸ ਸਮੇਂ, 7. ਉਸਦਾ ਪਤੀ

ਅਲਾਯੋ॥੧੬॥ਦੋ:॥ ਨਾਰਿ ਕਹੀ ਇਕ ਅਤਿਥ ਸਿਖ ਆਯੋ ਤੇਰੇ ਧਾਮ॥ ਸੀਤ ਨਿਵਾਰਨ ਹਿਤ ਪਰੀਤਾ ਕੇ ਸੰਗ ਸੁਖ ਧਾਮ॥੧੭॥ਚੋ:॥ ਆਇਸ ਹੋਇ ਕਰਹੁ ਸੋ ਮੈ ਅਬ॥ ਤਵ ਅਧੀਨ ਸੇਵਾ ਸਾਧਤ ਅਬ॥ ਤਬ ਪਤਿਨ ਕਹੀ ਕਿ ਮੈ ਅਬ ਜਾਊਂ॥ ਧਰਮ ਸਾਲ ਮੈ ਰਾਤ ਬਿਤਾਊਂ॥ ਤੂ ਸੇਵਾ ਕਰ ਕਰ ਗੁਲਬਾਹੀ॥ ਸੰਕਾ ਲੋਕ ਲਾਜ ਕੁਲ ਨਾਹੀ॥ ਅਸ ਕਹਿ ਜਾਇ ਸੁ ਸੰਗਤ ਪਰਾ॥ ਪ੍ਰਾਤ ਭਏਅ ਸੰਕ ਚਿਤ ਖਰਾ॥੧੮॥ ਤੀਨਹੁ ਦੇਵ ਪ੍ਰਗਟ ਤਬ ਭਏ॥ ਜਿਤਯੋ ਕਾਲ ਪਦ ਮੁਕ ਸੁਦਏ॥ ਸੋ ਸਿਖ ਭਯੋ ਕਾਲ ਕਰ ਰੂਪਾ॥ ਜੀਤਯੋ ਮੁਹਿ ਕਹਿ ਬਚਨ ਅਨੂਪਾ॥੨੦॥ ਅਸ ਅਸੰਕ ਗੁਰ ਬਰ ਕੇ ਪਿਆਰੇ॥ ਹਰਿ ਤੇ ਅਧਿਕ ਦਾਸ ਨਿਰਧਾਰੇ॥ ਰਘੂ ਨੰਦਨ ਇਕ ਕਾਲ ਨਿਹਾਰਾ॥ ਚਰਨਾ ਚੰਨ ਸਿਅ ਲਖਨ ਬਿਚਾਰਾ॥੨੧॥ ਕਛੂ ਸੰਕਾ ਨਿਜ ਓਰ ਮਹਿ ਰਾਖੀ॥ ਮੇਘ ਨਾਦ ਜਬ ਗਰਜਯੋ ਗਾਖੀ॥ ਦ੍ਵਾਦਸ[1] ਬਰਖ ਨਿਰਾਜਲ ਜਤੀ॥ ਸੋ ਜੀਤੈ ਜੋ ਐਸੋ ਬ੍ਰਤੀ॥੨੨॥ ਲਖਨਹਿ ਸੰਕਿਤ ਦੇਇ ਨ ਆਗਾ॥ ਤਬ ਲਛਮਨ[2] ਪਨ ਕਰ ਬਰ ਮਾਗਾ॥ ਇਨ ਸੰਕਾ ਤਜ ਸੇਵਾ ਕੀਨੀ॥ ਤਾਤੇ ਕਾਲ ਜਿਤਯੋ ਸੁਖ ਚੀਨੀ॥੨੩॥ਦੋ:॥ ਸੁਨਹੁ ਤਾਤ ਸਤੇ ਤੇ ਅਧਕ ਗੁਰਮੁਖ ਭਕਤ ਅਨਨਯਾ॥ ਤਿਨ ਸੇਵਤ ਫਲ ਸੁਫਲ ਕੈ ਧਰ ਨੀਤ ਲ ਮੈ ਧਨਯਾ॥੨੪॥ ਸਰਬ ਮਤਨਸ ਬਸਾ ਸਨ ਬੇਦ ਪੁਰਾਨ ਕੁਰਾਨਾ॥ ਗੁਰਮੁਖ ਗੁਰ ਸਿਖੀ ਧਰਮ ਮਾਖਨ ਛਾਛ[3] ਨਿਧਾਨਾ॥੨੫॥ ਗੁਰੁ ਮੁਖ ਧਰਮ ਸਮਾਨ ਸੁਨ ਆਨ ਧਰਮ ਕੁਉ ਨਾਹਿ॥ ਸਭ ਸ੍ਰੁਤਿ ਸ੍ਮ੍ਰਿਤ ਸਾਸਤ੍ਰ ਕਹਿ ਗੀਤਾ ਹੂੰ ਇਹ ਮਹਿ॥੨੬॥ ਵਾਹਿਗੁਰੂ ਗੁਰੁ ਧੰਨ ਗੁਰ ਸਤਗੁਰੂ ਸਤਨਾਮ॥ ਕਹਿ ਕਹਿ ਸਭਾ ਪ੍ਰਭਾ ਭਲੀ ਭਈ ਬਿਸਰਜਨ ਰਾਮ॥੨੭॥

ਸਾਖੀ॥੧੫੦॥ ਕਬਹੁਕ ਸਿੰਘਨ ਜੋਰਕਰ ਕਹੀ ਦੀਨ ਦੁਖ ਭੰਜ॥ ਮੁਕਤ ਮਾਰਗ ਬਤਰਾਇਏ ਜਾਤੇ ਛੂਟਹਿ ਅਨੰਗ॥੧॥ਚੋ:॥ ਜਿਮ ਜਾਨਹਿ ਆਤਮਾ ਨਿਆਰਾ॥ ਕਹਿਐ ਤਥਾ ਪੁਰਾਨ ਬਿਚਾਰਾ॥ ਸੁਨ ਸਿੰਘਨ ਕੀ ਬਿਨਯ ਬਨਾਈ॥ ਬਿਹਸਤ ਕਹਯੋ ਦੀਨ ਸੁਖਦਾਈ॥੨॥ ਦਯਾ ਸਿੰਘ ਮਮ ਰੂਪ ਉਦਾਰਾ॥ ਗਯਾਨੀ ਭਕਿਤ ਬਿਸੇਖ ਪਿਆਰਾ॥ ਸਭ ਸਿਧਾਂਤ ਇਨ ਮੋਸਨ ਸੁਨਾ॥ ਇਨਤੇ ਸੁਨਹੁ ਅਰਥ ਹਿ ਅਗੁਨਾ॥੩॥ ਅਸ ਆਇਸ ਸੁਨ ਸਭ ਗੁਰ ਪਯਾਰੇ॥ ਪੂੰਛਨ ਲਾਗੇ ਗਯਾਨ ਪਸਾਰੇ॥ ਦਯਾ ਸਿੰਘ ਤਬ ਤਿਨਹਿ ਸੁਨਾਯੋ॥ ਸ੍ਰੁਤ[4] ਬੇਦਾਂਤ[5] ਸਿਧਾਤ ਬਤਾਯੋ॥੪॥ ਪ੍ਰਥਮ ਰੂਪ ਅਗਯਾਨ ਬਤਾਯੋ॥ ਪੁਨ ਤਾਤੇ ਛੂਟਨ ਸਮਝਾਯੋ॥ ਕਰਤਾ ਕ੍ਰਿਆ ਕਰਮ ਪੁਨ ਕਹਾ॥ ਗਯਾਤਾ ਗਯਾਨ ਗੇਯਹਸ ਲਹਾ॥੫॥ ਪ੍ਰਮਾ ਪ੍ਰਮਾਨ ਪ੍ਰਮੇਯ ਬਤਾਯੋ॥ ਅਪ੍ਰਮੇਯ ਪੁਨ ਪਦ ਦਿਖਾਯੋ॥ ਕਰਮ ਉਪਾਸਨਾ ਗਯਾਨ ਕਥਾਨਾ॥ ਬਰਨੋ ਰੋ ਪੁਨ ਸੁਇ ਸਹਿਤ ਬਿਧਾਨਾ॥੬॥

---

1. ਬਾਰਾਂ ਸਾਲ, 2. ਰਾਮ ਜੀ ਦਾ ਭਰਾ, 3. ਲੱਸੀ, 4. ਸੁਰਤੀ, 5. ਵੇਦ

ਅਸ[1] ਅੰਗ ਪੁਨ ਜੋਗ ਜਨਾਏ॥ ਦਸ ਇੰਦ੍ਰਨ ਕੇ ਭੇਦ ਬਤਾਏ॥ ਪੰਦ੍ਰਹ ਨਿਜਮ ਕਹੇਯ ਮਪਿੰਦ੍ਰਹ॥ ਖੋਡਸ ਬਿਧਿ ਆਸਨ ਕਰ ਸੰਗ੍ਰਹ॥੭॥ ਤੀਨ ਭਾਂਤ ਕੇ ਪ੍ਰਾਣਾਯਾਮਾ॥ ਅੰਤਸ ਕਰਣ ਚਾਰ ਸੁਖ ਧਾਮਾ॥ ਉਤਪਤ ਸਿਥਿਤ ਪ੍ਰਲਯ ਪੁਨ ਕਹੀ॥ ਸਮ ਦਮ ਉਪਰਿ ਤਿਖਿਯਾ ਸਹੀ॥੮॥ ਸ੍ਰਧਾ ਸਮਾਧਾਨਤਾ ਗਾਈ॥ ਕਹਿ ਗੁਰ ਸਿਖ ਕਰ ਲਛਨ[2] ਭਾਈ॥ ਕਹਯੋ ਬਿਬੇਕ ਬਿਰਾਗਨਿ ਚੋਰੀ॥ ਕਹੀ ਮੁਖ ਮੁਖਤਾਕੀ ਬਿਧਿ ਥੋਰੀ॥ ਜੀਵਨ ਮੁਕਿਤ ਬਿਦੇਹ ਮੁਕਿ ਕਹਿ॥ ਜਗਯ ਸਾਲ ਖਯਾਨ ਭਾਖੇ ਲਹਿ॥੯॥ ਭਕ ਗਯਾਨ ਅਰ ਜੋਗ ਪ੍ਰਗਾਸਾ॥ ਈਸਰ ਅਰਾਧਨਾ ਬਿਲਾਸਾ॥ ਸ੍ਰਵਨ ਮਨਨ ਨਿਦਿਧ[3] ਸਨਕਹਾ॥ ਸਾਖਯਾਤ ਜਪਜੀ ਤੇ ਲਹਾ॥੧੦॥ ਤ੍ਰਿਪਟੀ ਭੇਦ ਬਹੁਰ ਬਰ ਬਰਨਾ॥ ਆਤਮ ਨਿਯਾਰੋ ਸਤ ਤੇ ਕਰਨਾ॥ ਆਤਮ ਨਯਾਰੋ ਸਭ ਤੇ ਕਰਨਾ॥ ਬਿਧਿ ਨਿਖੇਦ ਕਾਰਜ ਅਰ ਕਾਰਨ॥ ਦੇਸ ਕਾਲ ਲਛਨ ਬਿਰਾਨ॥੧੧॥ ਰਹਤ ਗਯਾਨ ਉਪਦੇਸ ਬਖਾਨਾ॥ ਦੈ ਦੈ ਚਾਰਹ ਬੇਦ ਪ੍ਰਮਾਨਾ॥ ਜਾਗ੍ਰਤ ,ਸੁਪਨ ਸਖੋਪਤ ਤੁਰਿਆ॥ ਕਰਮ ਅਧੀਨ ਸੁ ਸੁਖ ਦੁਖ ਭਰਿਆ॥੧੨॥ ਗਰਭ ਬਾਸ ਦੁਖ ਅਧਿਕ ਜਤਾਯੋ॥ ਕਿਓ[4] ਕਰਾਰ[5] ਬਿਸਰਿ ਜਿਮ ਆਯੋ॥ ਕਹਯੋ ਸੁਧਰਮ ਭਲੀ ਬਿਧਿ ਸਾਰਾ॥ ਨਿਰਨੇ[6] ਅਥ ਕਰਸਾਸਤ੍ਰਨ[7] ਦ੍ਵਾਰਾ॥੧੩॥ ਸੋ ਸੰਤੋਖ ਸਿੰਘ ਕਬਿ ਬਰਨਾ॥ ਰੁਚਿ ਦਸ ਧਯਾਉ ਮਧਯ ਅਘ ਹਰਨਾ॥ ਭਯ ਬਿਸਥਾਰਨ ਹਮ ਇਤ ਗਾਯੋ॥ ਤਹ ਤੇ ਪਢਹੁ ਜਿ ਚਿਤ ਹਿਤ ਆਯੋ॥੧੪॥ਦੋ:॥ ਇਹਿ ਬਿਧਿ ਸ੍ਰੀ ਯੁਤ ਦਯਾ ਸਿੰਘ ਸਭ ਸਿੰਘਨ ਸਿਰਮੋਰ॥ ਲਾਹੌਰ ਸੁਭ ਸੋਠਤੀ ਖਤ੍ਰੀ ਸੁਮਤਿ ਅਥੋਰ॥੧੫॥ ਦੈ ਸਿੰਘਨ ਉਪਦੇਸ ਬਰ ਬਹੁਰ ਰਹੇ ਅਰ ਗਾਇ॥ ਸਿੰਘ ਸੁਮੇਰ ਪਢਤ ਸੁਨਤ ਕਥਾ ਪਰਮ ਪਦ ਪਾਇ॥੧੬॥

ਸਾਖੀ॥੧੫੧॥ਚੌ:॥ ਏਕ ਸਿੰਘ ਸਤਗੁਰ ਢਿਗ ਆਯੋ॥ ਗੰਗਾ ਕੇ ਸਾਨ[8] ਚਿਤ ਭਾਯੋ॥ ਸਤਗੁਰ ਕਹੀ ਭਲੀ ਉਠ ਰਾਖੀ॥ ਸੁਰਸੁਰਿ ਕਰਹੁ ਸਾਨ ਸੁਚ ਸਾਖੀ॥੧॥ ਆਇਸ ਲੈਸੇ ਹਿਤ ਜਬ ਆਵਾ॥ ਤਾਹਿ ਨ ਕਛੁ ਸ੍ਰੀ ਪ੍ਰਭੁ ਸੁ ਬਤਾਵਾ॥ ਗੰਗਾ ਸਾਨ ਜਦਿਨ ਦਿਨ ਆਯੋ॥ ਕਹੀ ਅਹੋ ਗੰਗਾ ਨ ਨਹਾਯੋ॥੨॥ ਤਿਨ ਤਬਕਹੀ ਦਰਸ ਪ੍ਰਭ ਕਰਾ॥ ਸਕਲ ਤੀਰਥਨ ਰਸ ਪਦ ਭਰਾ॥ ਆਇਸ[9] ਮਿਲੀਨ ਗੰਗਾ ਗਯੋ॥ ਅਤਿ ਅਨੰਦ ਪ੍ਰਭ ਪਦ ਮੈ ਲਯੋ॥੩॥ ਸ੍ਰੀ ਪ੍ਰਭ ਕਹੀ ਕਿ ਜੋ ਮਨ ਤੇਰੇ॥ ਗੰਗਾ ਮਜਨ ਹੈ ਹਿਤ ਹੇਰੇ॥ ਤੋ ਤੂ ਜਾਇ ਅਮੁਕਾ ਸਿਖ ਪਾਸਾ॥ ਕਰ ਗੰਗਾ ਮੰਜਨ ਅਰਦਾਸਾ॥੪॥ ਸੁਨਤਿ ਸਿਖ ਤਬ ਤਾ ਢਿਗ ਗਯੋ॥ ਪਰੋ ਪਗਨ ਪਰ ਪੂਛਤ ਭਯੋ॥ ਗੁਰਮੁਖ ਕਹੀ ਚਲਹੁ ਮਮ ਗੇ੍ਹ॥ ਪੈ ਇਕ ਅਸ ਮੰਜਸ ਅਬ ਏਹਾ॥੫॥ ਮਮਤਿਆ[10] ਪਰਮ ਕਲਹਨੀ ਜਾਨੋ॥ ਸ੍ਵਾਨ

---

1. ਅੱਠ, 2. ਗੁਣ, 3. ਨਿਧਆਸਨ, 4. ਕੀਤਾ ਸੀ, 5. ਵਾਅਦਾ, 6. ਸਿੱਟਾ, 7. ਸਾਸਤਰਾਂ, 8. ਇਸ਼ਨਾਨ, 9. ਆਦੇਸ਼, 10. ਇਸਤ੍ਰੀ

ਗਾਇ ਇਕ ਮਾਰਕ ਮਾਨਹੁ॥ ਤਾਤੇ ਰੋਟੀ ਲਕਰੀ ਨੀਰਾ॥ ਲੈ ਕਰ ਚਲਹੁ ਕਰਹੁ ਤਤਬੀਰਾ॥੬॥ ਸ੍ਨਾਨ ਜਬਹਿ ਭ੍ਵੰਕਤ ਨਿਕਟਾਈ॥ ਰੋਟੀ ਆਗੇਦੀਜਹੁ ਪਾਈ॥ ਤਿਅ ਘੁਰ ਰਾਵਤ ਜਬ ਨਿਕਟੈ ਹੈ॥ ਲਕਰੀ ਨਿਰਖਿ ਹਰਖਿ ਭਰ ਜੈ ਹੈ॥ ਮਾਰਕ ਗਾਇ ਖਾਇ ਖੁਸ ਨੀਰਾ॥ ਬੈਠੋ ਆਸ੍ਮ ਮਾਹਿ ਗੰਭੀਰਾ॥ ਅਨ ਸੁਨ ਰੋਟੀ ਨਕਰੀ ਨੀਰਾ॥ ਲੈ ਆਯੋ ਸੁਇ ਕਰ ਤਤਬੀਰਾ॥੮॥ਦੋ:॥ ਤਬਲੋ ਗੁਰਮੁਖ ਆਇ ਕਹ ਕਰਯੋ ਪ੍ਸਾਦ ਤਯਾਰ॥ ਛਕ ਛਕਾਇ ਸੁਖ ਪਾਇ ਕਰ ਸਬਦ ਕੀਰਤਨ ਚਾਰ॥੯॥ਚੌ:॥ ਪ੍ਾਤਕਾਲ ਗੰਗਾ ਕਰ ਪ੍ਬਾ॥ ਸਿੰਘ ਕਹੀ ਨਿਜ ਮਨ ਕੀ ਸਰਬਾ॥ ਸਤਗੁਰੁ ਭਗਵਨ ਨਿਕਟ ਪਠਾਯੋ॥ ਗੰਗਾ ਮੰਜਨ ਹੇਤ ਬਤਾਯੋ॥੧੦॥ ਤੁਮਹਿ ਉਪਾਧ ਲਗੀ ਅਤਿ ਭਾਰੀ॥ ਅਸ ਮੰਜਸ ਅਸ ਉਰ ਨਿਰਧਾਰੀ॥ ਗੁਰਮੁਖ ਕਹੀ ਮੂੰਦ ਨਿਜ ਨੈਣਾ॥ ਕਰ ਗਹਿ ਦ੍ਊਨ ਕੀਨ ਤਬ ਬੈਨਾ॥੧੧॥ ਨੈ ਨ ਉਘਾਰਤ ਗੰਗਾ ਮਾਹੀ॥ ਕਰਤ ਸਾਨ ਲਖਯੋ ਤਿਨ ਤਾਹੀ॥ ਕਰ ਮੰਜਨ ਦੈ ਦਾਨ ਮਹਾਨਾ॥ ਨੈਨ[1] ਮੂਦ[2] ਪੁਨ ਆਏ ਤਿਹਿ ਥਾਨਾ॥੧੨॥ ਤਬ ਤਿਨ ਕਹੀ ਇਤਕ ਬਲਧਾਰੀ॥ ਰਾਖੀ ਕਰੋ ਅਸ ਮੰਜਸ ਭਾਰੀ॥ ਸਤਗੁਰੁ ਸਨ ਕੀਨੀ ਅਰਦਾਸਾ॥੧੪॥ ਬਯਾਧਭਾ ਸਿਖ ਸੁਖ ਰਾਸਾ॥੧੩॥ ਦ੍ਸਰ ਬਹ੍ ਸਿਖ ਕੀ ਬੇਟੀ॥ ਬੜੇ ਭਾਗ ਗੁਰੁਮੁਖ ਪਗ ਭੇਟੀ॥ ਦੋਊ ਲਾਗੇ ਸੇਵਾ ਕਰਨੇ॥ ਸੁਨਤ ਅਨੰਦ ਭਏ ਸੁਖ ਸਰਨੇ॥੧੪॥ ਦ੍ਸਰ ਬਰਖ ਫੇਰ ਸਿਖ ਆਯੋ॥ ਗੁਰ ਪਦ ਪਰਸੁ ਸੁ ਆਇਸ ਪਾਯੋ॥ ਗਯੋ ਫੇਰ ਤਾ ਗੁਰਮੁਖ ਗ੍ਹਾ॥ ਲਖਯੋ ਲਲਿਤ ਸੁਇ ਬਿਧਿ ਸੁ ਅਛੇਹਾ॥੧੫॥ ਆਗੇ ਤੇ ਲਾਗੇ ਅਤਿ ਸੁਖੀ॥ ਸੇਵਾ ਕਰਤ ਨਾਰਿ ਨਹਿ ਰੁਸੀ॥ ਗੰਗਾ ਮੰਜ ਤਬ ਤਿਨ ਕਹੀ॥ ਕਹਿ ਗੁਰਮੁਖ ਸੋ ਸਕਤਤ[3] ਨ ਰਹੀ॥੧੬॥ ਸਿੰਘ ਕਹੀ ਸੋ ਬਯਾਧਾ ਗਈ॥ ਸਕਤ ਤਿਹਾਰੀ ਕਿਨ ਲੈ ਲਈ॥ ਅਬ ਤੋਂ ਸਕਿਤ ਚਾਹਿ ਯਹਿ ਦ੍ਨੀ[4]॥ ਭਈ ਸੁ ਕਵਨ ਹੇਤ ਤੇ ਊਨੀ[5]॥੧੭॥ ਗੁਰਮੁਖ ਕਹੀ ਸੁਨਹੁ ਸੁਖ ਦਾਨਾ॥ ਯਹ ਤੁਮਰੋ ਸਭ ਕਰਮ ਮਹਾਨਾ॥ ਤੁਰਾਰੀ ਕ੍ਪਾ ਸੋ ਨਾਰੀ॥ ਦ੍ਜੀ ਆਇ ਗੁਰਮੁਖ ਪਯਾਰੀ॥੧੮॥ ਅਬ ਯਹਿ ਕਰਤ ਸੇਵ ਸਿਖ ਸੰਗਾ॥ ਸਕਤ ਭਈ ਆਧੀ ਮਮ ਅੰਗਾ॥ ਤਬ ਹੋ ਹੀ ਕਰ ਸੇਵਕ ਸੁ ਨਿਜ ਕਰ॥ ਤਾਤੇ ਸਮਰਥ ਰਹੀ ਮੋਹਿ ਬਰ॥੧੯॥ ਅਬ ਆਇਸ ਤਿਆ ਕੀ ਜਬ ਲੈ ਹੋ॥ ਤਬ ਮੈ ਮੰਜਨ ਗੰਗਾ ਕਰੈ ਹੌਂ॥ ਵਹ ਉਪਾਧਿ ਮੈ ਦ੍ਖ ਦਨ ਜਾਨੀ॥ ਸੇਵਤ ਗਯੋ ਸੁ ਕਰ ਸਿਖ ਗਯਾਨੀ॥੨੦॥ ਕਰ ਸੰਬੋਧਨ ਪੁਨ ਸਿਖਨੀ ਸੰਗਾ॥ ਮਿਲਿ ਮੰਜਨ ਕਿਅ ਗੰਗ ਤਰੰਗਾ॥ ਸ੍ਰੀ ਸਤਗੁਰੁ ਸਮੀਪ ਤਬ ਆਯੋ॥ ਸਰਬ ਪ੍ਸੰਗ ਸੁ ਛੋਰ ਸੁਨਾਯੋ॥ ਬਿਹਸਿ ਕਹੀ ਸਿਖ ਸੇਵ ਜੁ ਕਰੈ॥ ਸਕਲ ਕੁਟੰਬ ਸੰਗ ਨਿਸਰੈ॥ ਗੁਰਮੁਖ ਸਿਖ ਸੰਤ ਪਗ ਸੇਵਾ॥ ਯਾ ਸਮ ਦ੍ਸਰ ਨਹਿ ਮਹਿ ਦੇਵਾ॥੨੨॥ ਬਾਰੰਬਾਰ ਸੁ ਸ੍ਰੀ ਮੁਖ ਕਹੀ॥ ਸੇਵਾ ਸਿਖ ਕਰਮੁਹਿ ਬਸ ਲਹੀ॥ ਸਾਧਨ ਜਪ ਤਪ ਜੋਗ ਅਨੈਕਾ॥ ਯਾ ਸਮ ਆਨਨ ਜਾਨ

---

1. ਅੱਖਾਂ, 2. ਬੰਦ ਕਰਨਾ, 3. ਸ਼ਕਤੀ ਨਹੀਂ ਰਹੀ, 4. ਦੁਗਨੀ, 5. ਘੱਟ

ਬਿਬੇਕਾ॥੨੩॥ ਯਾ ਬਿਨ ਸਰਬ ਨਿਫਲ ਫਲ ਜਾਨੋ॥ ਯਾਤੇ ਸਰਬ ਸਫਲ ਫਲ ਮਾਨੋ॥ ਸੁਨਹੁ ਸਰਬ ਗੁਰਮੁਖ ਸੁਖਦਾਨਾ॥ ਸੇਵਹੁ ਸਿਖ ਸੰਤ ਅਤਿ ਥਾਨਾ॥੨੪॥ਦੋ:॥ ਸਿਖ ਸੇਵਾ ਕਰ ਫਲ ਅਧਿਕ ਬਰਨਯੋ ਸ੍ਰੀ ਮੁਖ ਆਪ॥ ਬਾਢਯੋ ਸ੍ਰੀ ਗੁਰਦੇਵ ਕੋ ਅਬਚਲ ਪੁਨਜ ਪ੍ਰਤਾਪ॥੨੫॥

ਸਾਖੀ॥੧੫੨॥ਚੌ:॥ ਸ੍ਰੀ ਗੁਰੂ ਅਮਰਦਾਸ ਕੀ ਅੰਸਾ[1]॥ ਮੇਘ ਰਾਜ ਸਾਹਿਬ ਅਘ ਧੁਨਿਸਾ॥ ਜਬ ਕਬ ਬੈਠ ਕਹਹਿ ਘਰ ਮਾਹੀ॥ ਗੁਰੂ ਗੋਬਿੰਦ ਸਿੰਘ ਸਮ ਕੋਊ ਨਾਹੀ॥੧॥ ਮੁਕਤਿ ਭੁਕਿਤ ਅਰ ਭਕਿਤ ਮਹਾਨਾ॥ ਦੇਤ ਰੀਝ ਕਰ ਕ੍ਰਿਪਾ ਨਿਧਾਨਾ॥ ਜਗ ਜਾਹਰ ਜਿਨ ਕੀ ਪ੍ਰਭਤਾਈ॥ ਔਢਰ ਢਰਨ ਅਨਾਥ ਸਹਾਈ॥੨॥ ਗੁਰੂ ਸਰੂਪ ਦਸ ਏਕ ਸਮਾਨਾ॥ ਜਿਨ ਜਾਨਾਂ ਤਿਨ ਸਭ ਕਿਛ ਜਾਨਾ॥ ਮੇਰੇ ਸਤਗੁਰੂ ਪ੍ਰਾਨ ਅਧਾਰਾ॥ ਜਾਚਕ ਇਛਾ ਪੂਰਕ ਦ੍ਵਾਰਾ॥੩॥ ਇਹਿ ਬਿਧਿ ਨਿਤ ਨਿਤ ਸੁਨ ਤਿਨ ਨਾਰੀ॥ ਇਕ ਦਿਨ ਦੁਖਿਤਿਨ ਗਿਰਾ ਉਚਾਰੀ[2]॥ ਸ੍ਵਾਮੀ ਸਦਾ ਸਤਗੁਰੂ ਸੇਵਹੁ॥ ਅਰ ਉਪਦੇਸਹ ਮਹਿ ਨਿਤ ਦੇਵਹੁ॥੪॥ ਪੈ ਮੇਰੋ ਮਨ ਮਾਨ ਨ ਮਾਹ॥ ਨਾਰ ਸੁਭਾਵ ਅਗਯਾਨੀ[3] ਕਹਾ॥ ਮਹਾਰਾਜ ਜੋ ਸਤਗੁਰ ਰਾਈ॥ ਮਨਸਾ ਫਲਦਾਇਕ ਰਘੁਰਾਈ॥੫॥ ਤੋਕਿ ਗਊਰੇ ਸੁਤੁ ਨਹਿ ਹੋਤਾ॥ ਦੀਨ ਬੰਧ ਸਾਹਿਬ ਸੁਖ ਸੋਤਾ॥ ਬਿਹਸਤਿ ਮੇਘ ਰਾਜ ਤਬ ਕਹੀ॥ ਨਾਰ ਸੁਭਾਉ ਕਹੀ ਸੇ ਕਹੀ॥੬॥ ਆਗੇ ਕਹੀ ਨਰ ਹੀ ਸਯਾਨੀ॥ ਨ ਤੁਮੈ ਮਾਗਤ ਪੂਤ ਪ੍ਰਮਾਨੀ॥ ਅਬ ਲੈ ਪੂਤ ਮੂਤ ਸਭ ਭਾਂਤੀ॥ ਕਰਿ ਨਿਜ ਬੰਸ ਪੂਤ ਸੁਖ ਦਾਤੀ॥੭॥ਦੋ:॥ ਕਲਮਦਾਨ ਕਾਗਜ ਲਯੋ ਨਿਜ ਨਾਰੀ ਤੇ ਆਪ॥ ਆਨੰਦਪੁਰ ਦਿਸਅ ਰਿਸਚਿਤ ਚਲੇ ਚਤੁਰ ਸੁਖ ਥਾਮ॥੮॥ਚੌ:॥ ਜਲ ਧਰਿਆ ਬਨ ਮਸਕ[4] ਉਠਾਈ॥ ਸੰਗਤ ਆਗੇ ਮਿਲੀ ਸੁਹਾਈ॥ ਸੁਖੂ ਆਨੰਦਪੁਰ ਜਾਤ ਸਮਾਜਾ॥ ਮਾਰਗ[5] ਮਿਲੇ ਮਹਤ ਘਨ ਰਾਜਾ॥੯॥ ਸੇ ਵਤ ਸੰਗਤ ਨਾਹਿ ਪਛਾਨਾ॥ ਪਹੁਚੇ ਪੁਰ ਅਨੰਦ ਪ੍ਰਧਾਨਾ॥ ਕਬਹੁ ਕ ਕਾਹੁ ਸਿਖ ਰੁਖਲਖਾ॥ ਜਿਨ ਆਗੇ ਬਾਉਲੀ ਸੁ ਪਿਖਾ॥੧੦॥ ਤਿਨ ਪਛਾਨ ਭਲ ਪੂਛ ਬਿਧਾਨਾ॥ ਤ੍ਰਾਹਿ ਤ੍ਰਾਹਿ ਮੁਖ ਸਿਖਨ ਬਖਾਨਾ॥ ਅਨ ਜਾਨੇ ਸੇਵਾ ਜੁ ਕਰਾਈ॥ ਛਮਹੁ ਨਾਥ ਨਿਜ ਲਖ ਸਮੁਦਾਈ॥੧੧॥ ਤਿਨ ਤਬ ਜਾਇ ਸਤ ਚਿਤ ਆਨੰਦਾ॥ ਜਹ ਬੈਠੇ ਗੁਰੂ ਸਿੰਘ ਗੁਬਿੰਦਾ॥ ਕਹੀ ਕ੍ਰਿਪਾਨਿਧਿ ਜਨ ਅਰਦਾਸਾ॥ ਮੇਘ ਰਾਜ ਸਾਹਿਬ ਸੁਖ਼ ਰਾਸਾ॥੧੨॥ ਸੰਗਤ ਸੰਗ ਹਮਾਰੇ ਆਏ॥ ਸੇਵਤ ਜਲ ਸਤ ਸੰਗਤ ਪਯਾਏ॥ ਮਹਾਰਾਜ ਦਰਸਨ ਨਹਿ ਕੀਨੋ॥ ਅਜਹੁ ਸੇਵ ਮਹਿ ਅਤਿ ਚਿਤ ਦੀਨੋ॥੧੩॥ ਮੈ ਪਹਿਚਾਨ ਤਬ ਬਰਜਨ ਕਰੈ॥ ਤ੍ਰਾਹਿ ਤ੍ਰਾਹਿ ਮੁਖ ਬਚਨ ਉਚਰੇ॥ ਹਾਨ ਲਾਭ ਦੁਖ ਸੁਖ ਸਮਸਰਾ॥ ਬਾਬੇ ਮੇਘ ਰਾਜ ਗੁਰ ਘਰਾ॥੧੪॥ਦੋ:॥ ਬਿਹਸੇ ਸੋਢੀ ਬੰਸ ਬਰ ਕਹੀ ਸਭ ਹੀ ਸਭ ਭਾਂਤ॥ ਹਮ ਜਾਨਤ ਅਜਾਨ ਬਨ ਰਹੇ ਸੁ ਔਸਰ[6] ਕਾਂਤ॥੧੫॥ ਲਯਾਉ ਬੁਲਾਇ ਸੁ ਆਦਰ ਬਾਬਾ॥ ਜਿਨਕੀ

---

1. ਵੰਸ਼, ਔਲਾਦ, 2. ਕਹਿਣ ਲਗੀ, 3. ਨਾ ਸਮਝ, 4. ਪਾਣੀ ਵਾਲੀ ਮਸ਼ਕ, 5. ਰਸਤਾ, 6. ਸਮਾਂ

ਸਭ ਬਿਧਿ ਭਕਿਤ ਅਜਾਬਾ॥ ਸ੍ਰੀ ਸਤਗੁਰੁ ਸਮੀਪ ਤਬ ਆਏ॥ ਕਲਮਦਾਨ ਕਾਗਜ ਲੈ ਆਏ॥੧੬॥ ਚੌਂਕੀ ਪਰ ਸਤਗੁਰ ਬਿਠਾਇ ਕਰ॥ ਪੂਜਾ ਦਈ ਗੁਰੰ ਸਭਾਇ ਭਰ॥ ਕਲਮਦਾਨ ਕਾਗਜ ਤਬ ਮਾਂਗਾ॥ ਮੇਘ ਰਾਜ ਧਰ ਦਿਅ[1] ਗੁਰ ਆਗਾ॥੧੭॥ ਤਾ ਪਰ ਨਾਮ ਚਾਰ ਲਿਖ ਦੀਨੇ॥ ਰਤਨ ਸਿੰਘ ਜੀ ਬੜੇ ਪ੍ਰਬੀਨੇ॥ ਦੀਨ ਦਯਾਲ ਸਰਬ ਸੁਖ ਧਾਮਾ॥ ਸ੍ਰੀ ਨਾਰਾਇਨ ਦਾਸ ਅਕਾਮਾ॥੧੮॥ ਸ੍ਰੀ ਗੁਰਬੰਸੁ ਚਾਰ ਸੁਤ[2] ਭਏ॥ ਸਵਾ ਪਹਿਰ ਗੁਰੁ ਪੂਜਾ ਦਏ॥ ਅਤਿ ਸਨਮਾਨ ਕਿਏ ਤਬ ਬਿਦਾ॥ ਬੰਦਨ ਕਰਤ ਭਏ ਪਗਰਿਦਾ॥੧੯॥ ਕਰ ਬੰਦ ਆਨੰਦ ਕੰਦ ਪਦ ਪਾਥੋ ਜਬਹੁ ਬਿਨਤੀ ਕਰੀ॥ ਨਾਨਕ ਗੁਰੂ ਅੰਗਦ ਅਮਰਗੁਰ ਰਾਮਦਾਸ ਸੁ ਅਤਿ ਧਰੀ॥ ਅਰਜਨ ਗੁਰੂ ਹਰਿ ਗੁਬਿੰਦ ਗੁਰ ਹਰਿ ਰਾਇ ਗੁਰੁ ਹਰਿ ਕ੍ਰਿਸਨ ਜੀ॥ ਤਿਨ ਕੇ ਸਰੂਪ ਨਵਮ ਗੁਰੁ ਜਿਨ ਤੇ ਦਸਮ ਗੁਰੁ ਬਿਸਨ ਜੀ॥੨੦॥ ਸਭ ਲੋਕ ਮਮ ਘਰਨੀ ਦਰੇ ਗੁਰੁ ਬੰਸ ਲਖ ਪਾਲਨ ਕੀਏ॥ ਕੈ ਮੁਕਿਤ ਭੁਕਿਤ ਸੁ ਭਕਿਤ ਮੁਹਿ ਕਰਨਾ ਢਰੇ ਸਭ ਕਛੁ ਦੀਏ॥ ਨਅਦੇਇ ਕਛ ਜਗਮਾਹਿ ਜਨ ਕਹਿ ਦਾਨ ਪ੍ਰਭੁ ਤੁਮ ਦੇਤ ਹੋ॥ ਬਨ ਭ੍ਰਾਤ ਸਤ੍ ਸਮਾਨ ਸੁ ਤਬ ਨ ਜਾਹੁ ਗਲਾਨਿ ਨ ਲੇਤ ਹੌਂ॥੨੧॥ ਯਹ ਬੰਸ ਗੁਰੁ ਬਰ ਅੰਸ ਸ੍ਰੀ ਗੁਰੁ ਅਮਰ ਕਰਸ ਪੁਰ ਦਈ॥ ਸੋ ਪਾਲਨੀਯ ਸੁਭਾਤਿਸ ਗੁਨ ਖਯਾਤਿ ਸੋ ਪਾਲਨ ਕਈ॥ ਸਕਿਸੇਸ ਸੁਰਪਤਿ ਬ੍ਰਹਸਪਤਿ ਸਾਰਦ[3] ਸੁ ਨਾਰਦ ਗੁਨ ਗਨਾ॥ ਨਹਿ ਅੰਤ ਪਾਇ ਅਨੰਤ ਗੁਨ ਪੁਨ ਚਹਤ ਨਿਤ ਭਕੀ ਧਨਾ॥੨੨॥ਦੋ:॥ ਅਭੈ ਭਕਤ ਨਿਜ ਚਰਨ ਕੀ ਦੀ ਜੈ ਦੀਨ ਦਯਾਲ॥ ਸਰਨਾਗਿਤਿ ਪ੍ਰਤਿਪਾਲ ਕਰ ਸਦਾਸਰਬਦਾ ਖਯਾਲ॥੨੩॥ਚੌ:॥ ਲਹਿ ਬਰਦਾਨ ਭਕਿਤ ਸਨਮਾਨਾ॥ ਆਏ ਗੋਬਿੰਦਵਾਲ ਮਹਾਨਾ॥ ਕ੍ਰਮ ਕ੍ਰਮ ਚਾਰ ਤਾਤ[4] ਤਬ ਪਾਏ॥ ਸਬ ਬਿਧਿ ਗੁਨ ਪੂਰਨ ਸੁਖ ਦਾਏ॥੨੪॥ ਰਤਨ ਸਿੰਘ ਕੇ ਬਾਹੁੜ ਮਲ॥ ਗਈ ਬਹੋਰਨ ਹਾਰ ਅਲਤ॥ ਤਿਨ ਕੇ ਸ੍ਰੀ ਸਰੂਪ[5] ਸਸਿ ਬਾਬਾ॥ ਜਿਨ ਮਹਿਮਾ ਪ੍ਰਕਾਸ[6] ਅਜਾਬਾ॥੨੫॥ ਤਿਨ ਕੇ ਕ੍ਰਿਪਾ ਦਯਾਲ ਸਿੰਘ ਸ੍ਵਾਮੀ॥ ਕਪਲ ਦੇਵ ਘਟ ਅੰਤਰਜਾਮੀ॥ ਤਿਨ ਕੇ ਸਾਹਿਬ ਸਾਧੂ ਸਿੰਘਾ॥ ਜਿਨ ਸੁਤ ਮੈ ਸੁਮੇਰ ਹਰਿ ਸਿੰਘਾ॥੨੬॥ਦੋ:॥ ਪ੍ਰਭ ਬਰਦਾਨੀ ਬੰਸ ਕੀ ਇਹਿ ਬਿਧਿ ਜਗ ਮਹਿ ਰੀਤੀ॥ ਸਦਾ ਰਹਤ ਚਿਤ ਹਿਤ ਸੁਖੀ ਨਹਿ ਤਿਨ ਕਹਿ ਜਮ ਭੀਤ॥੨੭॥

ਸਾਖੀ॥੧੫੩॥ਚੌ:॥ ਏਕ ਬਾਰ ਬੈਠੇ ਦਰਬਾਰਾ॥ ਸ੍ਰੀ ਕਲਗੀਧਰ ਅਪਰ ਅਪਾਰਾ॥ ਜਿਨ ਮਹਿਮਾ ਜਗ ਜਾਨਨ ਕੋਈ॥ ਸੁਰ ਅਰ ਅਸੁਰ ਨਾਗ ਨਰ ਜੋਈ॥੧॥ ਜਾਮੇ ਮਾਹਿ ਕੀਚਲਗਿ ਗਯੋ॥ ਅਤਿ ਅਚਰਜ ਸਭ ਕੇ ਮਨ ਭਯੋ॥ ਪਹਿਰਯੋ ਸ੍ਵੇਤ ਅਬਹਿ ਗਰ ਜਾਮਾ॥[7] ਗਏ ਨ ਕਹੂੰ ਨੋਰਨਿ ਕਾਮਾ॥੨॥ ਕਿਯੋ ਯਹ ਲਾਗਾ ਕੀਚ ਬਸਨ

---

1. ਦਿੱਤਾ, 2. ਪੁੱਤਰ, 3. ਦੇਵਤਿਆਂ ਦੇ ਨਾਮ, 4. ਪੁੱਤਰ, 5. ਬਾਬਾ ਸਰੂਪ ਦਾਸ ਭਲਾ, 6. ਮਹਿਮਾ ਪ੍ਰਕਾਸ਼, 7. ਕਪੜੇ

ਮੈ॥ ਪੂਛੀ ਪਰ ਪਗ ਪ੍ਰੇਮ ਰਸਨ ਮੈ॥ ਸਤਗੁਰ ਕਹੀ ਸੁਨਹੁ ਸਮੁਦਾਈ॥ ਹੋ ਇਹ ਕਾਲ ਗਯੋ ਚਿਤ ਆਈ॥੩॥ ਜਾਇ ਬਾਉਲੀ ਮਾਹਿ ਨਹਾਯੋ॥ ਸ੍ਰੀ ਚੋਬਾਰੇ ਦਰਸਨ ਪਾਯੋ॥ ਤਹ ਪਰ ਮੇਘ ਭੀਜ ਸਭ ਧਾਮ॥ ਪੋਰੀਨ ਗਨ ਲਗਯੋ ਮਮ ਜਾਮ॥੪॥ ਤਾਤੇ ਪੋਰੀ ਬਨ ਬੇ ਹੰਤਾ॥ ਮੇਘ ਰਾਜ ਢਿਗਲਿਖਹੁ ਸਕੇਤਾ॥ ਬਾਬਾ ਮੇਘ ਰਾਜ ਬਨਵਾਵੈ॥ ਧਤ ਇਤ ਤੇ ਤਿਤ ਨਿਤ ਚਲ ਜਾਵੈ॥੫॥ ਸਵਾ ਪਹਰ ਕੀ ਪੂਜਾ ਜਾਇ॥ ਇਹਿ ਬਿਧਿ ਸ੍ਰੀ ਮੁਖ ਬਚਨ ਅਲਾਇ॥ ਅਗਮ ਅਗਾਧ ਚਰਿਤ ਗੁਰ ਘਰਕੇ॥ ਲਖੇ ਜਾਤ ਨਹਿ ਮਨ ਬੁਧ ਕਰਕੇ॥੬॥

ਸਾਖੀ॥੧੫੪॥ ਸ੍ਰੀ ਸਤਗੁਰ ਬੈਠੇ ਦਰਬਾਰ॥ ਆਈ ਇਕ ਨਾਰੀ ਸੁ ਕੁਮਾਰ॥ ਘੂੰਘਟ ਕਾਢਤ ਦੁਰਤ ਛਬੀਲੀ॥ ਨੈਨ ਨਚਾਵਤ ਅਤਿ ਚਮਕੀਲੀ॥੧॥ ਮਾਨਹੁ ਰਤਿ ਕੈ ਧੋਇੰਦ ਰਾਨੀ॥ ਉਰ ਬਸਿ ਕੈ ਰੰਭਾ[1] ਪਹਿਚਾਨੀ॥ ਨਿਕਟਿ ਆਇ ਪ੍ਰਭੂ ਪਗ ਕੇ ਖਰੀ॥ ਬਿਹਸਤ ਬਦਨ ਅਤਨ ਮਦ ਭਰੀ॥੨॥ ਜਹਾ ਸਿੰਘ ਲਾਖਨ ਕੀ ਭੀਰਾ॥ ਬੈਠਾ ਸ੍ਰੀ ਸਤਗੁਰੁ ਰਨ ਧੀਰਾ॥ ਉਚ ਕੁਰੁ ਛਲਕਤ ਪਟਕੇ ਬਾਹਰ॥ ਭੂਖਨ ਝਨ ਕਤ ਨਨਕਤ ਜਾਹਰ॥੩॥ ਸਤਗੁਰੁ ਕਹੀ ਸੀਘ੍ਰ ਕਰ ਦੂਰ॥ ਸੀਘ੍ਰ ਸੀਘ੍ਰ ਕਹਿ ਗੁਰੁ ਸੁਖ ਨੂਰ॥ ਤਾਹਿ ਤੁਰਤ ਅਰਦਾਸੀ ਧਰਾ॥ ਦੂਰ ਦੂਰ ਤੇ ਦੂਰ ਸੁ ਕਰਾ॥੪॥ ਸਿਖਨ ਕਹੀ ਦਰਸਹਿਤ ਆਈ॥ ਕਿਹ ਕਾਰਨ ਇਹ ਦੂਰ ਕਰਾਈ॥ ਸ੍ਰੀ ਮੁਖ ਕਹੀ ਜਹਾਂ ਸੰਤ ਸੰਗਾ॥ ਤਹ ਨਾਰੀ ਤੇ ਬਿਘਨ ਅਨੰਗ॥੫॥ ਲਾਖ ਟਕਾ ਕਰ ਅਸ੍ਵ[2] ਸੁਹਾਯੋ॥ ਬਿਗਰਤ ਟਟਆਨੀ[3] ਨਿਕਟਾਯੋ॥ ਹਿ ਨਾਵਤ ਖੁਰਧੂਰ ਉਡਾਵੈ॥ ਨਹਿ ਦੁਸਟ ਕਾਸਮਝ ਸਚ ਪਾਵੈ॥੬॥ ਤੈਸੇ ਚਿਤ ਇਕਾਗਰ ਜਹਾਂ॥ ਹੋਤੀ ਸੰਤ ਸੰਗਤ ਬਚ ਮਹਾਂ॥ ਤਹਾਂ ਜੁਬਾਨ ਨਾਰੀ ਭਰਿ ਰੂਪ॥ ਭੂਖਨ ਜੋਤ ਜਗਤ ਆਨੂਪ॥੭॥ ਅਹਹਿ ਬਿਘਨ ਤਾ ਤੇ ਹਮ ਟਾਰਾ॥ ਚਿਤ ਇਕਾਂਤ ਕਰ ਸਤ੍ ਨਿਹਾਰਾ॥ ਸਮਯ ਪਾਇ ਗੁਰ ਦਰਸਨ ਕੀਜੈ॥ ਜਿਮ ਪਿਤ ਢਿਗ ਕਨਯਾ ਲਖ ਲੀਜੈ॥੮॥ਦੋ:॥ ਇਹਿ ਬਿਧਿ ਬਰ ਉਪਦੇਸ ਦਿਆ ਦੀਨ ਬੰਧ ਅਘਹਾਰ॥ ਸੰਗ ਸੰਗ ਤੇ ਕਾਮ ਪੁਨ ਕ੍ਰੋਧ ਨਾਸ ਨਿਰਧਾਹ॥੯॥

ਸਾਖੀ॥੧੫੫॥ ਏਕ ਬਾਰ ਬਹੁਤ ਸੰਗਤ ਆਈ॥ ਭਈ ਭੀਰ ਗੁਰੁ ਦਰਸਮੁਦਾਈ॥ ਕਾਹੂ ਕਹੀ ਪਰਬ ਯਹ ਭਾਰੀ ਲਾਖਨ ਆਏ ਸਿਖ ਗੁਰਦਾਰੀ॥੧॥ ਸਤਗੁਰ ਕਹੀ ਕਿ ਸਿਖੀ ਤਿਖੀ॥ ਖੰਡੇ ਕੀ ਧਾਰਹੁ ਤੇ ਲਿਖੀ॥ ਕੋਊ ਹੋਤ ਨ ਘਨੇ ਸੁ ਪਯਾਰੇ॥ ਭੇਖ ਅਲੇਖ ਲਾਜ ਨਿਜ ਧਾਰੇ॥੨॥ ਤੰਬ ਤਿਨਿ ਕਹੀ ਜਿ ਦਰਸਨ ਆਏ॥ ਸਭ ਸਿਦਕੀ ਸਤਗੁਰੁ ਮਨ ਭਾਏ॥ ਸ੍ਰੀ ਮੁਖ ਕਹਯੋ ਸਿਖ ਨੀਕੇ ਸਿਖ॥ ਲਖਹੁ ਕਥਾ ਤੋ ਤੋਹਿ ਨੈਨ ਦਿਖ॥੩॥ ਏਕ ਸਿਖਨੀ ਨਿਕਟ ਹਕਾਰੀ ਕਹਤਵ ਸਿਖ ਕਰਾਂ ਗੁਰ

---

1. ਇੰਦਰ ਦੇ ਦਰਬਾਰ ਦੀ ਅਪੱਛਰਾ, 2. ਘੋੜਾ, 3. ਟੈਰ (ਮਮੂਲੀ ਘੋੜੀ)

ਪਯਾਰੀ॥ ਬੋਲੀ ਮੋਰ ਸਿਖ ਯਹ ਭਲਾ॥ ਪਢਤ ਰਹਤ ਗੁਰਬਾਨੀ ਕਲਾ॥੪॥ ਸਿਖਹਿ ਕਹੀ ਸਿਖਨੀ ਤੇਰੀ॥ ਅਹਿਹਿ ਕਹਾ ਕਹਿ ਤਿਹਿ ਦ੍ਰਿਗ ਫੇਰੀ॥ ਸਤਗੁਰ ਕਹੀ ਸਿਖਨੀ ਸਿਖ॥ ਸਤਗੁਰ ਕਹੈ ਬਿਰਲੇ ਰਿਖ॥੫॥ ਗੁਰ ਸਿਖ ਗੁਰ ਸਿਖਨੀ ਸਮਝ ਨਿਜ ਸੰਜੋਗ ਚਿਤਾਰ॥ ਭਜਨ ਸੇਵ ਕਰ ਪਾਇ ਹੈ ਨਤੁ ਦੋਊ ਹੈ ਖਾਰ॥੬॥

ਸਾਖੀ॥੧੫੬॥ ਏਕ ਬਾਰ ਇਕ ਸੂਬੇਦਾਰ॥ ਆਯੋ ਸ੍ਰੀ ਸਤਗੁਰ ਦਰਬਾਰ॥ ਬੋਲਯੋ ਕਰ ਬੰਦਨ ਬਿਧਿ ਨਾਨਾ॥ ਏਕ ਪ੍ਰਸਨ ਮਮ ਕਰਨਾ ਖਾਨਾ॥**ਚੋ:**॥ ਸ੍ਰੀ ਮੁਖ ਕਹੀ ਕਹੋ ਤਿਨ ਕਹੀ॥ ਹ੍ਵੈ ਪ੍ਰਸੰਨਤਾ ਰਾਉਰ ਜਹੀ॥ ਕਹਾ ਦਾਨਤਾ ਕਹਿ ਤਬ ਮਿਲੈ॥ ਯਹ ਮਮ ਸੰਕਾ ਉਤਰ ਖਿਲੈ॥੨॥ ਜਾ ਪਰ ਮੈ ਪ੍ਰਸੰਨ ਸਰਦਾਰਾ॥ ਭੇਜੋਹੁ ਤਿਹ ਘਰ ਗੁਰਮੁਖ ਪਯਾਰਾ॥ ਸੂਬੇਦਾਰ ਕਹੀ ਹਿਤ ਧਾਰਾ॥ ਅਧਿਕ ਜਾਸ ਪਰਚਿਤ ਤੁਹਾਰਾ॥ ਤਾਕਹਿ ਕਹਾ ਦੇਹੁ ਗੁਰ ਰਾਈ॥ ਸ੍ਰੀ ਮੁਖ ਕਹੀ ਸੁ ਦ੍ਵੈ[1] ਸਿਖ ਭਾਈ॥੪॥**ਦੋ:**॥ ਇਹਿ ਬਿਬਿਦਸ ਸਿਖ ਲਗ ਕਹੀ ਜਬ ਸ੍ਰੀ ਸਤਗੁਰ ਦੇਵ॥ ਸੂਬੇਦਾਰ ਕਹੀ ਭਯੋ ਕਾ ਪ੍ਰਸਨ ਫਲ ਏ ਵ॥੪॥**ਚੋ:**॥ ਜਾਕੇ ਘਰ ਚਲ ਏਤੇ ਗਏ॥ ਤਿਹਿ ਸੇਵਾ ਕੀ ਚਿੰਤਾ ਭਏ॥ ਕਾਫਲ ਭਯੋ ਨਾਥ ਸੋ ਕਹਿਏ॥ ਯਹ ਸੰਕਾ[2] ਮਮ[3] ਉਰ ਕੀ ਦਹਿਏ[4]॥੫॥ ਸ੍ਰੀ ਸਤਗੁਰ ਢਿਗ ਇਮ ਕਹਯੋ ਸੂਬੇਦਾਰ ਸੁਜਾਨ॥ ਕਹਿਯੋ ਸਭ ਬਿਰਤਾਤ ਅਬ ਸ੍ਰੀ ਗੁਰੁ ਰਾਜ ਮਹਾਨ॥ **ਚੌਪਈ॥** ਸ੍ਰੀ ਮੁਖ ਕਹੀ ਸੁਨਹੁ ਸਰਦਾਰਾ॥ ਜਬ ਆਏ ਬਹੁ ਗੁਰਮੁਖ ਪਯਾਰਾ॥ ਭਜਨ ਕੀਰਤਨ ਕਥਾ ਪ੍ਰਮਾਨਾ॥ ਭਯੋ ਸੰਤ ਸੰਗਤ ਸੁਖ ਨਾਨਾ ਕੋਊ ਸਬਦ ਚੋਟ ਲਗ ਗਈ ਜਨਮ ਜਨਮ ਕੀ ਚਿੰਤਾ ਗਈ॥ ਨਰ ਨਾਰੀ ਮਿਲ ਸੇਵ ਕਮਾਈ॥ ਸਫਲ ਭਯੋ ਧਨ ਅਹੁ ਅਧਿਕਾਈ॥੭॥ ਗ੍ਰਿਸਤੀ ਕੇ ਗੁਨਾਹ ਸਭ ਦਰੇ॥ ਸੰਤ ਅਤਿਥ ਸਿਖ ਸੇਵਾ ਕਰੇ॥ ਜਮ ਜਮਾਤ ਪੁਨ ਪੂੰਛਨ ਤਹੀਂ॥ ਗ੍ਰੰਸਤ[5] ਧਰਮ ਸੇਵਾ ਸਮ ਨਾਹੀਂ॥੮॥**ਦੋ:**॥ ਸੁਨ ਸ੍ਰੀ ਮੁਖ ਮਧੁਰੇ ਬਚਨ ਭਯੋ ਨਿਸਿਤ ਸਰਦਾਰ॥ ਨਮਸਕਾਰ ਪਗ ਪਰ ਕਰੀ ਗਯੋ ਸੁਧਾਮ ਬਿਚਾਰ॥੯॥

ਸਾਖੀ॥੧੫੭॥**ਚੋ:**॥ ਕਬਹੁਕ ਮਾਤ ਗੂਜਰੀ ਤਨਮੈ॥ ਪਈ ਬਯਾਧ ਬਯਾਕੁਲ ਨਿਸ ਦਿਨ ਮੈ॥ ਸਤਗੁਰੁ ਪੂਛਨ ਜਬ ਢਿਗ ਗਏ॥ ਮਾਤਾ ਕਹੀ ਗੁਰੂ ਤੁਮ ਭਏ॥੧॥ ਇਤੋ ਕਸਟ ਮੈ ਕਯੋ ਕਰ ਪਾਯੋ॥ ਸ੍ਰੀ ਮੁਖ ਕਹੀ ਕਰਮ ਫਲ ਭਾਯੋ॥ ਸਿਖ ਸਾਧ ਦਿਜ ਅਤਿਥ ਅਨੇਕ॥ ਕਬਹੁ ਤੋ ਸੁਖ ਤਿਹ ਸੁਖ ਨੇਕ॥੨॥ ਮਾਤਾ ਕਹੀ ਕਵਨ ਬਿਧਿ ਕਰੌਂ॥ ਸੰਤ ਅਤਿਥ ਸਿਖ ਸੇਵਕ ਧਰੌਂ॥ ਮਮ ਕਰ ਤੇ ਨਹਿ ਸੇਵ ਕਰਾਵੈ॥ ਗੁਰ ਮਾਤਾ ਲਜੀ ਮਨਸੰਕਾਵੈ॥੩॥ ਸ੍ਰੀ ਮੁਖ ਕਹੀ ਸੁ ਕਰਹੁ ਭੰਡਾਰਾ॥ ਚਾਰਹੁ ਬਰਨ ਅਨੇਕ ਪ੍ਰਕਾਰਾ॥ ਤੈ

---

1. ਦੋ, 2. ਸ਼ਕ, 3. ਮੇਰੇ,
4. ਦੂਰ ਰਹੀਏ, 5. ਗ੍ਰਹਿਸਤ ਧਰਮ

ਸਹਿ ਕਿਯੋ ਰੋਗ ਸਭ ਗਯੋ॥ ਸਤਗੁਰੁ ਬਚਨ ਸੰਪੂਰਨ ਭਯੋ॥੪॥

ਸਾਖੀ॥੧੫੮॥ਚੌ:॥ ਫਤੇ ਚੰਦ ਇਕ ਸਾਧ ਉਦਾਸੀ॥ ਆਯੋ ਸੋ ਕਬ ਸ੍ਰੀ ਗੁਰ ਪਾਸੀ॥ ਬਡੋ ਮੋਦ ਬੜ ਬਲ ਤਨ ਮਾਹੀ॥ ਰਹਤ ਨਿਕਟ ਸਤਗੁਰ ਬਲਬਾਹੀ॥੧॥ ਮਲ ਜੁਤ ਕੋਹਿ ਜਾਨਨ ਹਾਰੋ॥ ਸ੍ਰੀ ਸਤਗੁਰੁ ਕਹਿਲਾਗੋ ਪਯਾਰੋ॥ ਦੇਵ ਜੋਗ ਇਕ ਦੇਵ ਸੁਆਯੋ॥ ਬੜੇ ਬੜੇ ਤਿਨ ਰੋਮ[1] ਸੁਹਾਯੋ॥੨॥ ਫਤੇ ਚੰਦ ਪਰ ਭਏ ਕ੍ਰਿਪਾਲਾ॥ ਯਾਸੁਨ ਭਿਰਹੁ ਕਹਯੋ ਗੁਰਦਯਾਲਾ॥ ਬਾਧ ਲਗੋਟ ਕੇਸ ਕਸ ਜੂਰਾ॥ ਭਿਰਯੋ ਸੰਤ ਤਾਸੋ ਬਲ ਪੂਰਾ॥੩॥ ਘਰੀ ਦੈਕ ਲਰਿ ਦੇਵ ਗਿਰਾਯੋ॥ ਸ੍ਰੀ ਗੁਰਪਦ ਪਰਮਲੋਂ ਝੁਕਾਯੋ॥ ਤਨ ਮਹਿ ਲਖੇ ਰੋਮ ਧਸ ਗਏ॥ ਕਾਂਟੇ ਲੋਹਸ ਦ੍ਰਿਸ ਨਿਰਮਏ॥੪॥ ਚਿਮਟਾ ਸੋਗਹਿ ਗਹਿ ਕਢਵਾਏ॥ ਹਰਖ ਹੋਇ ਹਿਅ ਬਰ ਬਰ ਪਾਏ॥ ਦੀਨ ਨਕਾਰਾ ਔਰ ਨਿਸਾਨਾ॥ ਹੋਹੁ ਮਹੰਤ ਬੜੇ ਸਵਧਾਨਾ॥੫॥ ਪੋਥੀ ਔਰ ਦਈ ਦਸਤਾਰਾ॥ ਦਿਓ ਸਸਤ੍ਰ ਇਕ ਨਿਜ ਕਰ ਧਾਰਾ॥ ਤਿਨ ਤੇ ਭਏ ਸੰਤ ਸੁ ਅਨੇਕਾ॥ ਜਾਕੇ ਮਾਹਿ ਹੋਇ ਜੁ ਬਬੇਕਾ॥੬॥ ਤਿਨ ਕੇ ਚੇ ਲਨ ਮਾਹਿ ਸੁਹਾਈ॥ ਅਬਲੌਂ ਅਧਿਕ ਮਹੰਤੀ ਪਾਈ॥ ਅਬ ਇਹ ਕਾਲ ਅਯੋਧਯਾਨ[2] ਪੁਰੀ॥ ਸਤਨਾਮ ਮੁਕਤ ਦਮਨ ਫੁਰੀ॥੭॥ ਮਾਧੋ ਰਾਮ ਨਾਮ ਗੁਨ ਖਾਨੀ॥ ਨਿਵਸਤ ਸਾਧ ਸਮਾਜ ਪ੍ਰਮਾਨੀ॥ ਉਦਾਸੀਨ ਮਹਿ ਅਸ ਪ੍ਰਭਵਤਾਈ॥ ਸਬ ਬਿਧਿਸਨੋ ਆਨ ਮਹਿ ਪਾਈ॥੮॥ਦੋ:॥ ਇਮ ਸਤਿਗੁਰੁ ਬਰਦਾਨ ਕੇ ਅਗਿਨਤ ਅਹਹਿ ਪ੍ਰਸੰਗ॥ ਸੁਨੇ ਲਿਖੇ ਸੋਈ ਲਿਖੇ ਨਿਜ ਮਤਿ ਮਿਤ ਸੁਰ ਸੰਗ॥੯॥

ਸਾਖੀ॥੧੫੯॥ ਏਕ ਬਾਰ ਸ੍ਰੀ ਸਤਗੁਰ ਰਾਈ॥ ਕਰਯੋ ਸੁ ਭੋਜਨ ਗੁਰਮੁਖ ਭਾਈ॥ ਭਾਂਤ ਭਾਂਤ ਕੇ ਕਰਜਿਵ ਨਾਰਾ॥ ਬਿਪ੍ਰਨ ਸਿੰਘਨ ਅਤਿਥਨ ਭਾਰਾ॥੧॥ ਚਾਤੁਰ ਬਰਨ ਪ੍ਰਸਾਦ ਛਕਾਯੋ॥ ਬਾਗਾ ਬਸਨ ਨਿਹਾਲੀ ਪਾਯੋ॥ ਬੁਧ ਪਰੀਖਨ ਹਿਤ ਗੁਰਰਾਈ॥ ਦੇਵੀ ਦਿਤਹਿ ਦਿਅਨ ਬੁਲਾਈ॥੨॥ ਸੋਊ ਕਰ ਮਾਨ ਆਪ ਨਹਿ ਆਯੋ॥ ਗੁਰ ਕਰ ਪੋਰਾਣਿਕ ਮੈ ਗਾਯੋ॥ ਤਬ ਸਤਗੁਰੁ ਨਿਜ ਸਿਖ ਪਠਾਏ॥ ਬਿਪ੍ਰ ਬੰਸ ਬਰਤਊਨ ਆਏ॥੩॥ ਮੁਖਯ ਭੇਜ ਅਧਿਕਾਰੀ ਗੁਰਬਰ॥ ਭੇਜਯੋ ਦਿਏ ਕਬਿਤ ਤਾਹਿ ਕਰ॥ ਸੋ ਲੈ ਕਰ ਦਿਜ ਬਰ ਤਟ ਗਯੋ॥ ਦੁਖਿਤ ਬ੍ਰਿਪ ਕਛੁ ਕਹਤਨ ਭਯੋ॥੪॥ਦੋ:॥ ਮਾਨ ਸਮਾਨ ਮਹਾਨ ਕਹਿ ਆਨ ਨ ਜਾਨ ਜਿਆਨ॥ ਮਾਨ ਮੁਨਿਨ ਗਲਤਾਨ ਕਰਮਾਨ ਜਨਮ ਕੀ ਖਾਨ॥੫॥

ਸ੍ਰੀ ਮੁਖ ਵਾਕ ਸਵੈਯਾ ਪਾਤਸਾਹੀ੧੦॥

ਜੋ ਕਛੁ ਲੇਖ ਲਿਖਯੋ ਬਿਧਿਨਾ ਸੋਈ ਪਾਇਅਤ ਮਿਤ੍ਰਜੂ ਲੋਕ ਨਿਵਾਰੋ॥ ਮੇਰੋ ਕਛੂ ਅਪਰਾਧ ਨਹੀ ਗਯੋ ਯਾਦ ਤੇ ਭੂਲਨ ਕੋ ਪਚਿਤਾਰੋ॥ ਬਾਗੇ ਨਿਹਾਲੀ ਪਠੈ ਦੈ ਹੋ ਆਜ

---

1. ਵਾਲ, ਕੇਸ, 2. ਧਿਆਨਪੁਰ (ਬਟਾਲੇ ਨੇੜੇ)

ਭਲੇ ਤਮ ਕੋ ਨਿਹਚੈ ਜਿਅ[1] ਧਾਰੋ॥ ਛਤ੍ਰੀ[2] ਸਭੈ ਕ੍ਰਿਤ[3] ਬਿਪ੍ਰ[4] ਕੇ ਇਨ ਹੂੰਪੈ ਕਟਾਖ ਕ੍ਰਿਪਾ ਕੈ ਨਿਹਾਰੋ॥੧॥ ਜੁਧ ਜਿਤੇ ਇਨਹੀ ਕੇ ਪ੍ਰਸਾਦ[5] ਇਨਹੀ ਕੇ ਪ੍ਰਸਾਦ ਸੋ ਦਾਨ ਕਰੇ॥ ਪਾਪ ਓਘ[6] ਟਰੇ ਇਨ ਹੀ ਕੇ ਪ੍ਰਸਾਦ ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੇ॥ ਇਨ ਹੀ ਕੇ ਪ੍ਰਸਾਦ ਸੋ ਬਿਦਯਾ ਲਈ ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥ ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀ ਮੋ ਸੇ ਗਰੀਬ ਕਰੋਰ[7] ਪਰੇ॥੨॥ ਸੇਵ ਕਰੀ ਇਨ ਕੀ ਭਾਵਤ ਔਰ ਕੀ ਸੇਵ ਸੁਹਾਤਨ ਜੀਕੋ॥ ਦਾਨ ਦਯੋ ਇਨਹੀ ਕੋ ਭਲੋ ਅਰ ਕੋ ਦਾਨ ਨ ਲਾਗਤ ਨੀਕੋ॥ ਆਗੈ ਫਲੈ ਇਨ ਹੀ ਕੋ ਦਿਓ ਜਗ ਮੈ ਜਸ ਔਰ ਦਿਓ ਸਭ ਫੀਕੋ॥ ਮੋ[8] ਗ੍ਰਹਿ[9] ਮੋਤਨ ਤੇ ਮਨ ਤੇ ਸਿਰਲੋ ਧਨ ਹੈ ਸਭ ਹੀ ਇਨ ਹੀ ਕੋ॥੩॥ਚੋ:॥ ਸੁਨਤ ਸਵਯੇ ਭਯੋ ਨਰਾਜੀ॥ ਦੁਖਯੋ ਅਧਿਕਉਰ ਮਾਹਿ ਸੁ ਗਾਜੀ॥ ਮੈਂ ਪੋਰਾਣਿਕ ਮੋ ਕਹਿ ਤਿਆਗੀ॥ ਅਪਰਨ ਦਿਏ ਬਸਤ੍ਰ ਬੜ ਭਾਗੀ॥੪॥ ਗੁਰ ਘਰ ਕੇ ਹਮ ਨਿਤ ਕੇ ਬਾਸੀ॥ ਲੇਤ ਦਾਨ ਨਿਤ ਸਭ ਸੁਖ ਰਾਜੀ॥ ਜਗਯ ਹੁ ਮੈ ਹਮਦਾਨ ਨ ਪਾਯੋ॥ ਲਾਖਨ ਲੈ ਪਰ ਦੇਸਿ ਸਿਧਾਯੋ॥੭॥ ਅਬ ਗੁਰੁ ਨਿਕਟ ਜਾਇ ਕਾ ਕਰਹੋਂ॥ ਇਤਹਿ ਅਸੀਸਤਿ ਚਿਤਵਲ ਧਰਿਹੋਂ॥ ਜਾਹਨ ਮਾਨ ਗੁਨਿ ਜਨ ਕਰ ਹੋਈ॥ ਜਹ ਅਧਿਕਾਰ ਸਮਝ ਨਹਿ ਕੋਈ॥੮॥ ਤੁਹਨੁ ਜਾਇ ਅਪਮਾਨ ਕਰਾਊਂ॥ ਏਤੀ ਮੈ ਤੁਮ ਤੇ ਬਕਸਾਊਂ॥ ਤਿਨ ਤਬ ਕਹੀ ਕਿ ਗੁਰ ਅਬਿਨਾਸੀ॥ ਪੂਰਨ ਪੁਰਖ ਅਨਨਯ ਬਿਲਾਸੀ॥ ਕਰਤਾ ਪੁਰਖ ਕਰਤ ਨਰ ਲੀਲਾ॥ ਉਪਦੇਸਤ ਸਭ ਕਹਿ ਹਰ ਹੀਲਾ॥੯॥ ਤਾ ਤੇ ਤਿਨ ਕ੍ਰਿਤ ਸੰਕਨ ਕਰਿਅਹੁ॥ ਉਰ ਅਨੁਮਾਨ ਰਾਮ ਦੁਖ ਹਰਿਅਹੁ॥ ਦਿਜ ਤਬ ਕਹੀ ਬਨਹਿ ਯਹ ਕੈਸੇ॥ ਭਾਈ ਜੀਗਾਈ ਬਿਧਿ ਜੈਸੇ॥੧੦॥

ਸ੍ਰੀ ਮੁਖ ਵਾਕ ਪਾਤਸ਼ਾਹੀ ੧੦ ਬਚਿਤ੍ਰ ਨਾਟਕ ਦੇਵੀ ਦਿਤੋ ਬਾਚ॥ਚੋ:॥

ਜੋ ਹਮ ਕੋ ਪਰਮੇਸੁਰ ਉਚਰਿ ਹੈ[10]॥ ਤੇ ਸਭ ਨਰਕਿ ਕੁੰਡ ਮਹਿ ਪਰਿ ਹੈ॥ ਮੋ ਕੋ ਦਾਸੁ ਤਵਨ ਕਾ ਜਾਨੋ॥ ਯਾ ਮੈ ਭੇਦੁ ਨ ਰੰਚ[11] ਪਛਾਨੋ॥ ਮੈ ਹੋ ਪਰਮ ਪੁਰਖ ਕੋ ਦਾਸਾ॥ ਦੇਖਨਿ ਆਯੋ ਜਗਤ ਤਮਾਸਾ॥[12] ਜੋ ਪ੍ਰਭ ਜਗਤਿ ਕਹਾ ਸੋ ਕਹਿਹੋ॥ ਮਿਰਤ ਲੋਗ ਤੇ ਮੋਨਿ ਨ ਰਹਿ ਹੋਂ॥

ਗੁਰ ਸਿਖੋ ਬਾਚ ਸ੍ਰੀ ਮੁਖ ਵਾਕ ਅਕਾਲ ਪੁਰਖ ਬਾਚ ਇਸਕੀਟ ਪ੍ਰਤਿ॥

ਮੈ ਅਪਨਾ ਸੁਤ ਤੋਹਿ ਨਿਵਾਜਾ॥ ਪੰਥ ਪ੍ਰਚੁਰਿ ਕਰਬੇ ਕਹਿ ਸਾਜਾ॥ ਜਾਇ ਤਹਾਂ ਤੇ ਧਰਮ ਚਲਾਇ॥ ਕੁ ਬੁਧ ਕਰਨ ਤੇ ਲੋਕ ਹਟਾਇ॥ ਤਥਾ॥ ਇਹ ਬਿਧਿ ਕਰਤ ਤਪਯਯਾ ਭਯੋ॥ ਦ੍ਵੈ ਤੇ ਏਕ ਰੂਪ ਹੈ ਗਯੋ॥ ਤਥਾ॥ ਆਦ ਅੰਤ ਏਕੇ ਅਵਤਾਰਾ॥ ਸੋਈ

---

1. ਦਿਲ ਵਿਚ, 2. ਕਸ਼ੱਤਰੀ, 3. ਕੰਮ, 4. ਪੰਡਿਤਾਂ ਦੇ, 5. ਕ੍ਰਿਪਾ, 6. ਦੁੱਖ ਮੁਸੀਬਤਾਂ, 7. ਕਰੋੜਾਂ, 8. ਮੇਰੇ, 9. ਘਰ, 10. ਕਹੇ, 11. ਥੁਹੜਾ ਭੀ, 12. ਲੀਲਾ

ਗੁਰੂ ਸਮਝਿਯਹੁ ਹਮਾਰਾ॥ ਤਥਾ ॥ ਜਿਹ ਜਿਹ ਬਿਧਿ ਜਨਮਨ ਸੁਧ ਆਈ॥ ਤਿਮਿ ਤਿਮਿ ਕਹੇ ਗ੍ਰੰਥ ਬਨਾਈ॥ ਤਥਾ॥ ਜੋ ਜੋ ਜਨਮ ਪੂਰਬਲੇ ਹੇਰੇ[1]॥ ਕਹਿਹੋ ਸੁ ਪ੍ਰਭ ਪਰਾ ਕ੍ਰਮ ਤੇਰੇ॥ ਤਥਾ॥ ਜੋ ਜੋ ਜਨਮ ਪੁਰਬਲਾ ਭਯੋ॥ ਸੋ ਸੋ ਸਭ ਸਿਮਰਨ ਕਰ ਦਯੋ॥ ਪੰਡਿਤ ਜੀ ਤੁਮ ਚਿਤ ਬਿਚਾਰਹੁ॥ ਆਤਮ ਜਾਯਤ ਪੁਤ੍ਰ ਪੁਕਾਰਹੁ॥ ਪੂਨ ਭਰਮਹੁ ਯਹ ਸੰਕਾ ਬੁਰੀ॥ ਤੁਮਹਿ ਚਾਹਿਅਹਿ ਸੰਕਾ ਹਰੀ॥੧੧॥ ਜਬ ਜਬ ਹੋਇ ਧਰਮ ਕਰ ਹਾਨੀ॥ ਬਾਢਹਿ[2] ਅਸੁਰ[3] ਬੰਧ ਬਲਖਾਨੀ॥ ਤਬ ਤਬ ਰਾਮ ਮਨੁ ਜਤਨ ਧਰਹੀਂ॥ ਭਗਤ ਹੇਤ ਲੀਲਾ ਬਹੁ ਕਰਹੀਂ॥੧੨॥ ਧਰਮ ਹੇਤ ਗੁਰਦੇਵ ਪਠਾਏ॥ ਧਰਮ ਚਲਾਵਨ ਸੰਤ ਉਬਬਾਰਨ॥ ਇਹੈ ਕਾਜ ਧਰਾ ਹਮ ਜਨੰਮੰ॥ ਇਤਯਾਦਿਕ ਬਾਕਯਨ ਤੇ ਜਾਨਾ॥ ਪੂਰਨ ਬ੍ਰਹਮ ਆਪ ਭਗਵਾਨਾ॥ ਨਰਕ ਕੁੰਡ ਕ੍ਰ ਅਰਥ ਅਨੂਠਾ॥ ਹੈ ਸੁਬਾਕਯ ਛਲ ਸਤਗੁਰੁ ਤੂਠਾ॥੩॥ ਪੂਰਬ ਅਚਾਰਜ ਜਗ ਜੇਤੇ॥ ਨਿੰਦਨ ਕਰੈਅਹਿ ਕ੍ਰਿਤ ਤੇਤੇ॥ ਤਾ ਆਪਨਉਤ ਕਰਖ ਛਪਾਯੋ॥ ਸਤ੍ਰਯ ਸਤਯ ਬਚ ਭਾਖ[4] ਸੁਨਾਯੋ॥੧੪॥ ਹਮ ਕੋ ਪਦ ਅਰਥਾਤ ਸਨਿਜ ਕਹਿ॥ ਮਾਨਹਿ ਪਰਮੇਸਰ ਅਭੇਦ ਚਹਿ॥ ਸੋ ਸਭ ਨਰਕ ਕੁੰਡ ਅਧਿਕਾਰੀ॥ ਜਿਹ ਨਹਿ ਸ੍ਰੀ ਹਰਿ ਭਕਿਤ ਪਿਆਰੀ॥੧੫॥ ਗੁਰ ਪ੍ਰਮੇਸਰ ਏਕ ਸਮਾਨਾ॥ ਆਦਿ ਜੁਗਾਦਿ ਸੁ ਗ੍ਰੰਥ ਬਖਾਨਾ॥ ਗੁਰੁ ਹਿਨ ਕਹਿ ਜੁਹਰਿ ਸਮਸਰਾ॥ ਤੋਕਿ ਕਹਹਿ ਮੁਨਿਐ ਦਿਜਬਰਾ॥੧੬॥ ਪਿਤਾ ਪੁਤ੍ਰ ਸਭ ਏਕ ਸਮਾਨਾ॥ ਭਕਤਯਵ ਤਾਰ ਲੀਨ ਭਗਵਾਨਾ॥ ਤਾਤੇ ਹੈ ਕ੍ਰਿਤ ਪ੍ਰਗਟ ਛਿਪਾਵਹਿ॥ ਸਿਮਰਨ ਭਜਨ ਸਾਰ ਸਮਝਾਵਹਿ॥੧੭॥ ਨੁਰ[5] ਮੁਹਿ ਕਤ ਸਮਰਥ ਅਸ ਹੋਈ॥ ਜੋ ਜੋ ਕਰਮ ਕੀਨ ਤੁਮ ਜੋਈ॥ ਸਮਝਦੇਵ ਦਿਤਾ ਉਠਆਯੋ॥ ਸ੍ਰੀ ਸਤਗੁਰ ਨਿਜ ਨਿਕਟ ਬਿਹਾਯੋ॥੧੮॥ ਕਹਤ ਸੁਨਤ ਦਿਜ ਉਰ ਅਕੁਲਾਨਾ॥ ਸਤਗੁਰ ਗੁਰ ਖਾਲਸਾ ਬਖਾਨਾ॥ ਅਸਨ ਹੋਇ ਨਿਤ ਕਰਗੁਰੁ ਦਾਨਾ॥ ਮਿਟਹੁ ਮੋਰ ਲਖਿ ਚਿਤ ਅਕੁਲਾਨਾ॥੧੯॥ ਗਦ ਗਦ ਕੰਠ ਨੈਨ ਨਹਿਰਾਯੋ॥ ਅਤਿ ਕਰ ਕ੍ਰੋਧ ਨ ਚਿਤ ਥਿਰ ਆਯੋ॥ ਪ੍ਰਭ ਆਗੇ ਧਰ ਬਾਗ ਨਿਹਾਲੀ॥ ਤਿਹ ਚਿਤ ਸ੍ਰੀ ਮੁਖ ਕਹਿ ਤਿਹਿ ਕਾਲੀ॥੨੦॥

ਸ੍ਰੀ ਮੁਖ ਵਾਕ॥ਦੋ:॥ ਚਟ ਪਟਾਇ ਚਿਤ ਮੈ ਜਰਯੋ ਤ੍ਰਿਨ ਜਯੋ ਕ੍ਰਸਤਿ ਹੋਇ॥ ਖੋਜ ਰੋਜ ਕੇਹੇਤ ਲਗਿ ਦਯੋ ਮਿਸਰ ਜੂ ਰੋਇ॥ਚੌ:॥ ਦੈ ਬਹੁਦਾਨ ਮਾਨ ਸਮਝਾਯੋ॥ ਕਰ ਪ੍ਰਸੰਨ ਦਿਜ ਧਾਮ ਪਰਾਯੋ॥ ਸਤ ਗੁਰੁ ਕ੍ਰਿਪਾ ਕਟਾਖਯ ਨਿਹਾਰੀ॥ ਛੂਟ ਗਈ ਦਿਜ ਸੰਕਾ ਭਾਰੀ॥੨੧॥ ਦਿਜ ਜੂ ਚਿਤਨੀਕੇ ਲਖਹੁ ਸੁਤ ਸੁਖਾਲਸਾ ਮੋਰ॥ ਯਾਕੀ ਸਮ ਸਰ ਹੋਇ ਨਹਿ ਤੀਨ ਲੋਕਪ੍ਰਿਅ ਹੋਰ॥੨੨॥

ਸਾਖੀ॥੧੬੦॥ ਇਤਿ ਸ੍ਰੀ ਗੁਰੁ ਪਦ ਪ੍ਰੇਮ ਪ੍ਰਕਾਸੇ ਸ੍ਰੀ ਗੁਰਖੰਡ ਚਤੁਰ

---

1. ਦੇਖੇ, 2. ਰਾਕਸ਼, 3. ਵੱਧ ਜਾਂਦੇ ਹਨ, 4. ਕਹਿ ਕੇ, 5. ਮਨੁੱਖ ਵਿਚ

ਥਾਂਤਰਗਤਿ ਦਸਮ ਮੰਡਲ ਉਤ੍ਹਾਰਧੇ ਸਿਖਨ ਪ੍ਰਸੰਗ ਬਰਨਨਾਤਮਕ ਦਾ ਬਿੰਸਤਮੀ ਪ੍ਰਾਤ॥:੨੨॥ ਇਸ ਪ੍ਰਸੰਗ ਕੋ ਕਈ ਭਾਂਤ ਲੋਗੋ ਨੇ ਲਿਯਾ ਹੈ ਸੂਰਜ ਪ੍ਰਕਾਸ਼ ਮੇ ਕੇ ਸੋਵਰਾਇ ਜੀ ਪ੍ਰਤਿ ਹੈ ਪਰੰਤੂ ਸਵਯੇ ਭਾਈ ਨੰਦ ਚੰਦ ਮਸੰਦ ਨੇ ਕਹੇ ਇਕਠੇ ਭੀਨੋ ਦੋਹਰੇ ਸਮੇਤ ਕੁਛ ਭਾਉ ਨਹੀ ਖੁਲਤਾ ਭਾਈ ਸੁਖਾ ਸਿੰਘ ਜੀ ਨੇ ਗੁਰ ਗਬਲਾਸਮੇ ਲਿਖਾ ਹੀ ਨਹੀਂ॥ ਕੇਸਰਾ ਸਿੰਘ ਜੀ ਨੇ ਦੇਵੀ ਦਿਤੇ ਕਾ ਕ੍ਰੋਪ ਕਰਨਾ ਔਰ ਕਾਲਿਦਾਸਾਦਿਕੀ ਸਤਿਮੇ ਜੁਧ ਜਿਤੇ ਇਤਯਾਦਿ ਲਿਖਾ ਚੋਪਾ ਸਿੰਘ ਜੀ ਨੇ ਭੀਤ ਬਾਹੀ ਜੈਸਾ ਕੇਸਰਾ ਸਿੰਘ ਨੇ ਲਿਖਾ ਬਹੁਤ ਖਾਲਸਾ ਜੀ ਕੇਸਵ ਰਾਇ ਪ੍ਰਤਿ ਪ੍ਰਬ ਮਸਵੈਯਾ ਔਰ ਦੋਹਰਾ ਕਹਤੇ ਹੈ ਔਰ ੨ ਸਵੈਯੇ ਖਾਲਸੇ ਕੇ ਸਾਤਮੇ ਕਹਤੇ ਹੈ ਔਰ ਕਹੀ ਨੰਦ ਚੰਦ ਬੁਲਾਨੇ ਗਏ ਕਹੀ ਭਾਈ ਨੰਦ ਲਾਲ ਇਤਯਾਦਿਕ ਲਿਖਾ ਹੈ।ਚੋ:॥ ਸਤਗੁਰ ਨਿਕਟ ਜਿ ਗੁਨ ਜਨ ਰਹੇ॥ ਗੁਰ ਜਸ ਕੇ ਕਬਿਤ ਤਿਨ ਕਹੇ॥ ਨੌਮਨ[1] ਕਾਗਜ ਤੋਲ ਮਝਾਰਾ ਲਿਖਯੋ ਲਿਖਾਰਿਨ ਆਗਯਾ ਦ੍ਵਾਰਾ॥੧॥ ਬਿਦਯਾ ਸਾਗਰ ਗ੍ਰੰਥ ਬਨਾਯੋ॥ ਸੁਨਿ ਸੁਨਿ ਗੁਨਿਅਨ ਅਤਿ ਸੁਖ ਪਾਯੋ॥ ਜਬ ਭਾਨਾ ਬਰਤਾਵਨ ਭਾਨਾ॥ ਤਬ ਤਿਹਲੋ ਪਕੀਯੋ ਭਗਵਾਨਾ॥੨॥ ਕਹੁ ਕਹੁ ਗਏ, ਸੁਪ ਤ੍ਰੈਤਾਕੇ॥ ਰਹੇ ਨ ਮਿਲੇ ਗੁਰਮੁਖਨ ਆਕੇ॥ ਬਾਸਠ ਪਤ੍ਰੇ ਆਨੰਦਮੁਰੀ॥ ਆਏ ਕਬਹੁ ਸੋਢਿਅਨ ਸੁਰੀ॥੩॥ ਤਾ ਮੈਤੇ ਚੁਨਿ ਚੁਨਿ ਲਿਖ ਰਾਖ॥ ਗੁਰਮੁਖ ਸਿੰਘਨ ਚਿਤਰਤਿ ਲਾਖੇ॥ ਤਾ ਮੈ ਕੋ ਸੰਗ੍ਰ ਸੁਰ ਸਾਲਾ॥ ਲਿਖਤ ਸੁਮੇਰ ਸਿੰਘ ਇਹਿ ਕਾਲਾ॥੪॥ ਕਬਿਤ॥ ਹੰਸ ਰਾਮ ਜੀਕੋ॥ ਚਾਰੋ ਚਕ ਸੇਵੈ ਗੁਰੂ ਗੋਬਿੰਦ ਤਿਹਾਰੋ ਪਾਇ ਮੇਰੇ ਜਾਨ ਆਜ ਤੁਹੀ ਦੂਜੋ ਕਰਤਾਰ ਹੈਂ॥ ਪ੍ਰਬਲ ਪ੍ਰਚੰਡ ਖੰਡ ਖੰਡ ਮਹਿ ਮੰਡਲ ਮੈ ਸਾਚੋ ਪਾਤਸਾਹ ਜਾ ਕੇ ਸਾਚੋ ਸਿਰ ਭਾਰ ਹੈਂ॥ ਕਾਮਨਾ ਕੀ ਦਾਨ ਬਾਨ ਜਾਕੀ ਹੰਸ ਰਾਮ[2] ਕਰੈ ਪਰਮ ਧਰਮ ਦੇਖੋ ਬਿਬਿਧਿ ਬਿਚਾਰ ਹੈ॥ ਪਰਮ ਉਦਾਰ ਪਰ ਪੀਰ ਕੋ ਹਰਨਹਾਰ ਕੋਨ ਜਾਨੈ ਕੋਨੇ ਭਾਤ ਲੀਨੋ ਅਵਤਾਰਹੈ॥੫॥ ਪੁਨਯਾਈ ਹੂੰ ਸਰਸਾਤ ਦੂਜ ਜਾਤ ਅਵਦਾਤ ਕਲਾ ਕਰ ਨਾਮ ਭ੍ਰਾਂਤ ਅੰਮ੍ਰਿਤ ਬਨਾਏ ਹੈਂ॥ ਗ੍ਰਹਿ ਗ੍ਰਹਿ ਬਾਸੀ ਤਮ ਨਾਸੀ ਸੀ ਪ੍ਰਕਾਸੀ ਅਬਿਨਾਸੀ ਪਦ ਪਾਇਲੋ ਕਾਲੋ ਕਨ ਮੈ ਗਏ ਹੈਂ॥ ਦੋਊ ਪਰਮਾਨੰਦ ਸੋ ਕੀਰਤਕੇਉਜਿਆਰੇ ਪੂਜਿ ੨ ਉਮਾ ਪਤਿ ਭਲੈ ਲੈ ਚਢਾਏ ਹੈ॥ ਸਸ ਬੇਖੀ ਭਯੋ ਇੰਦ ਸੁਨਿਐ ਗੁਰੂ ਗੁਬਿੰਦ ਕਹੂ ਕੇ ਅਨਿੰਦ ਸਸਸਿ ਨਿੰਦਿੰਤ ਕਹਾਏ ਹੈ॥੬॥ ਗੁਨਨਮੈ ਗੁਨੀ ਕਹੈ ਗਯਾਨ ਨਿਧਿ ਮੁਨੀ ਕਹੈ ਦਾਤਾ ਸਭ ਦੁਨੀ ਕਹੈ ਦਾਰਿਦਨਸਾਇਏ॥ ਏਕ ਕਹੈ ਕਛਨ ਕੇ ਲਛਨ ਪ੍ਰਤਛਯਾ ਮੈ ਏਕ ਕਹੈ ਛਬ ਕੇ ਬਿਤਾਨ ਛਿਤ ਛਾਇਐ॥ ਏਕ ਬੀਰ ਭਾਰੀ ਕਹੈ ਏਕ ਉਪਕਾਰੀ ਕਹੈ ਏਕ ਧਰਮਧਾਰੀ ਕਹੈ ਲੋਕਾ ਲੋਕ ਗਾਈਏ॥ ਲਾਜ ਕੇ

---

1. ਚਾਲੀ ਸੇਰ ਜਾਂ ਕਿਲੋ ਦਾ ਮਣ ਹੁੰਦਾ ਹੈ,
2. ਕਵੀ ਦਾ ਨਾਂ

ਜਹਾਜ ਗੁਰੂ ਗੋਬਿੰਦ ਬਿਰਾਜੈ ਆਜ ਜਗ ਕੇ ਸਮਾਜ ਸਭ ਗਉਰੈ ਮੈ ਪਾਇਏ॥੭॥ ਅਥ ਅਤੰਕ ਸਮਰਬੀਰ ਕੇ ਕਬਿਤ॥ ਕਲ ਨਹਿ ਪਰਤ ਬਿਕਲ ਦੇਸ ਬੰਗ ਸਕੋ ਪਲ ਕਨ ਲਾਗੇ ਪਲ ਰੂਪ ਸਾਰਾ ਸਾਮਨੀ॥ ਕੁੰਡ ਕੰਪਤਿ ਨਗਾਰਨ ਕੀ ਧੁਨਿ ਸੁਨਿ ਬੀਜਾ ਪੁਰ ਬੰਦਰ ਬਸਤ ਬਨ ਜਾਮਨੀ॥ ਆਸਮਾਨ ਦਹਲਹਹ ਲਗਿ ਰਯੋ ਲੰਕਹੀਰ ਕਰੀ ਮੈ ਕਬਤ ਫਿਰੰ ਦਾਸਨ ਜਯੋ ਦਾਸਿਨੀ॥ ਤੇਰੇ ਡਰ ਗੋਬਿੰਦ ਮ੍ਰਿਗਿੰਦ ਗੁਰੂ ਅਰਿਨ ਕੀਟੋਲਾ ਟੋਲਾ ਜਾਇ ਸੋਖ ਟੋਲਾ ਮਾਗੈ ਭਾਮਿਨੀ॥੮॥ ਭਿਤਰਯੋ ਭਭੀਖਨ ਭਵਨ ਤਜ ਭਟਕਤ ਢਹੈ ਪੋਰਲੰਕ ਕੀ ਨਿਸਾਨਨ ਕੇ ਬਾਜੇ ਤੇ॥ ਪਾਪਰਸ ਫੂਟ ਧਰਾ ਧਰ ਸੁ ਚੂਰ ਹੋਤ ਸਿੰਧੁ ਅਕੁਲਾਤ ਗਜ ਰਾਜਨ ਕੇ ਗਾੜੇ ਤੇ॥ ਬਰਨਤਹੀਤ ਗੁਰੂ ਗੋਬਿੰਦ ਤਿਹਾਰੇ ਤ੍ਰਾਸਦ ਬਤ ਫਿਰਤ ਅਰਿ ਕੰਦਰਾਨ ਭਾਜੇ ਤੇ॥ ਚੂਰ ਹੋਤ ਕਮਠ ਦਰਾਰੇ ਦਾਢ ਅਟਕਤ ਫਟੇ ਫਨ ਸਹਸ ਪ੍ਰਬਲ ਦਲ ਸਾਜੇ ਤੇ॥੯॥ ਤੇਰੇ ਮਾਰੇ ਖਲਦਲ ਘੂੰਮਤ ਘੁਸਤਮਹਿ ਛਾਤੀ ਛੋਰ ਜੋਰ ਸੋ ਰਸੋ ਸਹੇ ਬਸ ਕੀਚ ਭਕੈ॥ ਕਹੂੰ ਲੋਥ ਬਚੋ ਚਸੇ ਸਮੰਟ ਡਾਰੇ ਗੀਧਰਾਨ ਖੇਲਤ ਧਿਛਾਨੋ ਧਿੰਗਜ ਮੁਖ ਜੀਹਭ ਕੈ॥ ਸ੍ਰੀ ਗੁਬਿੰਦਿ ਸਿੰਘ ਰਨਭ੍ਰੂਮਕੋ ਮਚਾਯਾਹੀਰ ਲੋਹੁ ਕੀਲਲਕ ਘਾਟ ਘਟਨ ਕੀ ਡੀਭ ਕੈ॥ ਭੋਰੈ ਫਿਰੇ ਭ੍ਰੂਤ ਲੈਭ ਭੀਖਨਾਚੈ ਦਾਰ ਪਾਰਭ ਭਕਤ ਭਕਬੋਲੈ ਘਾਇਨ ਕੀ ਭਭ ਕੈ॥੧੦॥ ਨਾਹਰ ਸਮਾਨ ਝੁਕਿ ਝਰਪਰੈ ਗੁਬਿੰਦ ਸਿੰਘ ਖਗਗਹਿ ਖੰਡੇ ਕੀਨੀ ਖਲਨ ਕੀ ਖਪਰੀ॥ ਹਨੇ ਘਨੇ ਘੋਰ ਘਮਸਾਨ ਕੈ ਘਮੰਡ ਕੀਨੋ ਆਇਨ ਘੁਮਤਿ ਘਾਇਲਨ ਕੀ ਧਰਾਧਰੀ॥ ਰੁਧ੍ਰਿ ਕੇ ਕੰਡ ਤੇ ਨਿਕਿਧਿ ਕਾਲੀ ਕੁਲ ਨਾਚੀ ਉਪਮਾ ਬਾਢੀ ਹੈ ਹੀਰ ਅਤਿ ਮਤਿ ਤੇ ਖਰੀ॥ ਦਲ ਦਸਮਾਥਰ ਘੁਨਾਥ ਕੋ ਮੁਨਾਇ ਮਨਮਾਨੋ ਸੀ ਅਸੌਂਹਦੈਹੁਤਾਸਤੇ ਨਿਸਰੀ॥੧੧॥ ਛਪੈ॥ ਕਮਨਪੀਠਕ ਸਮਸਤ ਅਸਤ ਰਜ ਭਾਨ ਛਾਇ ਭ੍ਰੁਆ॥ ਕੋਲ ਕੱਛ ਕਲਮਲਤ ਗਲਤ ਪੰਨਗ ਪਤੰਗ ਹੁਅ॥ ਤੁਟਤ ਪਬ ਜੂਪ ਗਚਲਤ ਹੁਟਤ ਦਿਗਜ ਬਿਤਤਾਨਯੋ॥ ਲੁੱਟ ਕੁੱਟ ਪੀਰ ਪੂਰ ਛੁਕ ਬਨ ਬਨ ਬਿਲਖਾਨਯੋ॥ ਕਹਿ ਹੰਸ ਰਾਮ ਹਰ ਖੰਤ ਹਰਿ ਧਰ ਧਰ ਧ੍ਰੂ ਅਲੰਕਸ ਸਬ॥ ਘਰ ਘਰ ਨਦ੍ਰ ਖਦ ਬਯੋ ਧਰਿਨਿ ਸੁਚਢਤ ਸਿੰਘ ਗੋਬਿੰਦ ਜਬ॥੧੨॥ ਕਗਚੋਲੀ ਕੋ ਕਬਿਤ॥ ਸੂਰਨ ਕੀ ਪਤਿ ਅਤਿ ਜਾਨਤ ਜਹਾਨ ਜਾਕੋ ਤਾਕੋ ਫਲ ਦੇਤ ਸਦਾ ਅਰਿਪਰ ਜੀਤ ਹੈ॥ ਪੂਰ ਜੇ ਹਰੀ ਕੇ ਹਿਏ ਕਾਮਨਾ ਥਮਤ ਜਾਤੇ ਹੰਸ ਰਾਮ ਕਹੈ ਸਦਾ ਪਾਨਿਪਸ ਪ੍ਰੀਤ ਹੈ॥ ਜੋਗਿਨ ਕੀ ਜੀਵਨ ਸਜੀਵਨ ਹੈ ਭ੍ਰੂਤਨ ਕੀ ਮ੍ਰੂਤਨ ਸੁਹੀਨ ਨਿਤ ਬਾਢਤ ਪੁਨੀਤੈ ਹੈ॥ ਪ੍ਰਬਲ ਪ੍ਰਤਾਪੀ ਪਾਤਸ਼ਾਹ ਗੁਰੂ ਗੋਬਿੰਦ ਤੇਰੀ ਕਰਾਚੋਲੀਕਾ ਮਤਰੁਕੀ ਸੀਰਤਿ ਹੈ॥੧੩॥ ਪਾਰਥ ਸਮਾਨ ਮਹਾਂਭਾਰਥ[1] ਮਚਾਯੋ ਤਹਾਂ ਖਾਯੋ ਮਾਸ ਹਾਰਿਨ

---

1. ਮਹਾਂਭਾਰਤ

ਅਹਾਰ[1] ਜੇਤੋ ਖਾਇਗੋ॥ ਮੰਦਿਰ ਸੇ ਮੋਕਲ ਸਇਦਨ ਕੀ ਸਰਜਨ ਸੋ ਧੌਂ ਸਾਕੀ ਧੁੰਕਾਰ ਧਰਾਸੀਸ ਅਕੁਲਾਇਗੋ॥ ਐਸੋ ਕੀਨੋ ਸਮਰ ਅਮਰ ਲੋਕ ਸੁਨਿਅਤ ਤੇ ਰੋਈ ਬਖਾਨ ਖਾਨ ਪਾਨ ਸੋ ਭੁਲਾਇਗੋ॥ ਮਾਰ ਕੈ ਮਦਾਨ ਅਰਿ ਤਾਰੇ ਗੁਰੁ ਗੋਬਿੰਦ ਕੇ ਕਾਲ ਕਲਾ ਫੇਰ ਕੋਊ ਕਾਲਹਿ ਸੁਹਾਇਗੋ॥੧੪॥ ਮਹਾ ਬਾਹੁ ਬੀਰ ਗੁਰੂ ਗੋਬਿੰਦ ਤਿਹਾਰੇ ਤ੍ਰਾਸ ਮਾਰਿਨ ਕੀ ਸੇਨਾ ਬਨਬਨ ਬਿਚਰੁਤ ਹੈ॥ ਗਹਿ ਕਰ[2] ਪਾਰਿ ਕਾਢਿ ਕਾਟਿ ਕੈ ਦੁਜਨ ਦਲ ਜੋਗ ਜੁਰੇ ਜੋਗੀਨਿ ਜਮਾਤ ਬਿਹ ਰਤਿ ਹੈ॥ ਸੈਥਿਨ ਕਰ ਹਨੇ ਰਿਪੁ ਹਾਥਿਨ ਪਾਇਨ ਤੇਂ ਰੁਧਿਕਰ ਕੀ ਧਾਰ ਐਸੀਅ ਸੁਨਿਧਾ ਰਤਿ ਹੈ॥ ਆਗ ਲਗੇ ਧੂਮ ਭਏ ਘਰਨਿ ਅਕਾਰ ਸਮ ਮਾਨੋ ਸੱਝ ਰੱਖਨਿ ਝਰਪਿਨਿ ਕਰਤ ਹੈ॥੧੫॥ ਜੋਨੇ ਦੇਸ ਜੈਅਤ ਨਰੇਸਨ ਕੇ ਪਾਸਤ ਹਾਠੋਰ ਨੋਰਤਮ ਰੋਈ ਜਸ਼ ਗਾਇਅਤ ਹੈ॥ ਪਾਇ ਗਹੇ ਤੇਰੇ ਪਾਇ ਗਹੇ ਪਾਇਸਤ ਕਹੂੰ ਔਰ ਜਾਇ ਗਰਜਾਇਗਰੋ ਪਾਇਅਤੁ ਹੈ॥ ਐਸੇ ਗੁਰੂ ਗੋਬਿੰਦ ਕੀ ਸਕਬਿ ਸਰਨ ਤਾਕੋ ਪੂਰਨ ਪ੍ਰਤਾਪ ਜਾ ਕੋ ਜਗ ਛਾਇਅਤ[3] ਹੈ॥ ਰਾਜੀ ਹੂ ਜਿਅ ਗਾਜੀਅਤ ਜਾਕੇ ਦਰਬਾਰ ਘਰ ਬਾਜੀ ਬਾਧੀ ਬਾਜੀ ਲੈਨ ਆਇਤ ਹੈ॥੧੬॥ ਮਹਾਂ ਬਾਹੁ ਬਿਰਚਿ ਬਨੈਤ ਗੁਰੁ ਗੋਬਿੰਦ ਜੀ ਅਰਿ ਗਜ ਮਾਰਡਾਰੇ ਮਾਨੋ ਦਰੱਖਤ ਹੈ॥ ਭੈਰੋ ਔ ਬੈਤਾਲ ਭੂਤ ਕਰਤ ਬਿਹਾਰ ਤਹਾਂ ਹਾਰ ਕਰਬੇ ਕੋ ਮੁਖ ਪੰਚ ਪਰਖਤ ਹੈ॥ ਲੋਹੂੰ ਕੀਚ ਭਰੇ ਗਜ[4] ਮੋਤੀ ਲੇ ਗਗਨ ਗੰਧ ਗਰਜੇ ਅਗਨ ਦੇਖੇ ਹਰ ਹਰਖਣ ਹੈ॥ ਧੋਖੇ ਨ ਭਖਤਿ ਛੂਟਿ ਧਰਨਿ ਲਖਿਤਿ ਮਾਨੋ ਬਿਧਰੇ ਹੈ ਬਾਦਰਨਖਤ ਬਰਖਤ ਹੈ॥੧੭॥ ਛਪਯਾ॥ ਡੁੱਪਤਿਆ ਪਰ ਨਰੇਸ ਪੱਤ ਹੱਥਹਿ ਜਿਮਿ ਹੱਲੇ॥ ਸੁਖਤ ਸਾਇਰ ਸਲਿਲ ਸੰਕ ਧ੍ਰਅ ਧਾਂਮਨ ਚਲੈ॥ ਖਲਕ ਖੈਲ ਖੈਲ ਖਲ ਭਲ ਭੈਲ ਭਗਹਿਤ ਲੰਕ ਮਹਿ॥ ਪਲਕ ਪੇਲਿ ਗਢ ਲੇਤਿ ਹੇਤ ਹੂੰ ਕਤਿ ਸੁ ਜੰਗ ਮਹਿ॥ ਕਹਿ ਹੰਸ ਰਾਮ ਸਤਿ ਸਿਮਰਿ ਕੈਸਰ ਰਚਿਰ ਹਤਿ ਦਿਗਪਾਲ ਸਭਿ॥ ਧਸਮ ਸਤਿ ਧਰਨਿ ਦਲ ਭਾਰਤੇ ਸੁ ਬਿਚਰਤਿ ਸਿੰਘ ਗੁਬਿੰਦ ਜਬ॥੧੮॥ ਬਾਜਤ ਨਿਸਾਨ ਕੇ ਦਿਸਾਨ ਭੂਪਤ ਹਗਤਿ ਹਾਲਾ ਡੋਲ ਪਰਤਿ ਕੁਬੇਰ ਹੂੰ ਕੇ ਘਰ ਮੈ॥ ਅਰਿਨ ਕੀ ਰਾਨੀ ਬਿਲਲਾਨੀ ਚਹੈ ਖਾਨੀ ਵੇ ਤੋ ਮੋਤਿਨ ਕੀ ਮਾਲ ਲੈਨਿ ਚੋਵਤੀ ਅਧਰ ਮੈ॥ ਹੋਤ ਹੈ ਅਤਿਕ ਸੰਕ ਲੰਕ ਹੂੰ ਮੈ ਮਾਨੀਅਤਿ ਰੰਕਹੈ ਬਭੀਖਨ[5] ਸੋਂ ਡੋਲਤਿ ਡਹਰਮੈ॥ ਭੂਮੈ ਗੁਰੂ ਗੋਬਿੰਦ ਸੋ ਭੂਪਤਿ ਕਹਤ ਨਾਢੈ ਭੂਮੈ ਹਮੈ ਰਾਖ ਜੋ ਤਿਹਾਰੇ ਆਵੈਧਰਮੈ॥

---

1. ਖਾਣਾ,
2. ਬਾਂਹ ਪਕੜ ਕੇ,
3. ਛਾਇਆ ਹੈ,
4. ਹਾਥੀ,
5. ਰਾਵਨ ਦਾ ਭਰਾ (ਭਬੀਖਨ)

ਹਰਿ ਕੋ ਕਬਿਤ; ਪਾਰਥ ਕੇ ਬਾਨ ਕੈ ਕ੍ਰਿਪਾਨ ਸਿੰਘ ਗੋਬਿੰਦ ਕੋ ਸਿੰਘਨ ਬਚਤ ਬਨ ਮਾਰੇ ਝਰ ਝਾਰਕੈ॥ ਕੇਤੇ ਭਟ ਸੁਭਟ[1] ਭਜਾਏ ਹੀਰ ਕਈ ਓਰ ਕਈ ਬੇਰ ਕਾਲੀ ਸੋਨ ਪੀਵਤ ਅਹਾਰ ਕੈ॥ ਤੇਰੇ ਦਲ ਚਲਤ ਦਲਤ ਦਲ ਅਰਿਨ ਕੇ ਕੇ ਹੂੰਨਾ ਸੰਭਾਰੇ ਤਨ ਹਾਂਕਤ ਪਹਾਰ ਕੈ॥ ਗਾਂਸੀ ਕੇਲ ਗੇਤੇ ਪੀਲਵਾਨ ਗਿਰਯੋ ਪੀਲ ਹੂੰ ਤੇ ਮਾਨੋ ਗਿਰਯੋ ਬਾਦਰ ਪਹਾਰ ਫਾਂਧ ਮਾਰਕੈ॥੨੦॥ ਕਸਤਰ ਕਸ ਧਰਕਸਬਰ ਕਸ ਧਰੇ ਐਸੋ ਸਰਕਸ ਹਿਤ ਚਿਤ ਬਿਤ ਗਾਢੋ ਹੈ॥ ਕੀਨੇ ਘਮਸਾਨ ਰੰਗ ਭੂਮ ਕੇ ਮੈਦਾਨ ਹੀਰ ਬਾਜਤ ਨਿਸਾਨ ਲੈਹ ਥਯਾਰ ਹਥ ਬਾਢੋ ਹੈ॥ ਸ੍ਰੀ ਗੁਬਿੰਦ ਸਿੰਘ ਕੀ ਕਾਮਨ ਤੈ ਚਲੈ ਹੈ ਤੀਰ ਉਰਵਾਰ ਹੋਤ ਪਾਰਾਵਾਰਪਾਰ ਨਾਚੋ ਹੈ॥ ਬਖਤਰ ਬੇਹਬਖਤਰੀ ਬੇਹ ਬਾਕੇ ਬੇਹ ਬਾਨਨ ਸੋ ਬੇਹ ਕੈ ਬਰਾਸੋ ਬੇਹ ਕਾਢੋ ਹੈ॥੨੧॥ ਸ੍ਰੀ ਗੁਰੂ ਗੋਬਿੰਦ ਸਿੰਘ ਬਲੀ ਕਰਖ ਗਰਾਹੇਅਰਿ ਕੇ ਪਰ ਧਾਯੋ॥ ਰੰਭਕ ਸੁੰਡ ਆਨੇਕ ਗਿਰੇ ਰਣ ਧ੍ਰੂਮ ਕਹੀ ਧੀਰ ਨਚਾਯੋ॥ ਐਸੋ ਦਯੋ ਧਰ ਕੁੰਭ ਕੇ ਛੋਰ ਸੋ ਬੀਰ ਲਖੇ ਜਸਹੀਰ ਜੁਗਾਯੋ॥ ਸੁੰਡ ਬਿਨਾ ਗਜ ਰਾਜ ਚਲਯੋ ਭੂਜਿ ਸੁੰਡ ਮਨੋ ਘਰ ਹੀ ਧਰ ਆਯੋ॥੨੨॥ ਸਵੈਯਾ ਹੂਰਨ[2] ਕੋ ਨਰ ਸੂਰ[3] ਮਿਲੈ ਬਰ ਚੋਸਨ ਜੋਗਨਿ ਪੂਰਿਅ ਆਈ॥ ਦੇਹ ਅਸੀਸ ਸਭੈ ਮਿਲਿ ਜੰਬੁਕ ਗੀਧਲ[4] ਤੇ ਰਣਭੂਮਿ ਸੁਹਾਈ॥ ਛਾਡਿ ਸੁਹਾਗਿ ਲਿਏ ਬਿਧਵਾ ਇਕ ਬੈਰਨ ਕ ਤਿਅ[5] ਕੋ ਦੁਖਦਾਈ॥ ਖਗ ਰਹਿ ਗੁਰੂ ਗੋਬਿੰਦ ਕੇ ਹਰਨਾਰਦ ਕੇ ਘਰ ਹੋਤ ਬਧਾਈ॥੨੩॥ ਕਬਿਤ॥ ਆਵਤਨ ਤੀਰ ਤੀਰ ਮਾਨਨ ਕਮਾਨ ਕਰੈ ਗੋਲਨ ਕੀ ਗੂੰਦ ਦੂੰਦ ਬੂੰਦ ਮਹਾਬਾਰ ਹੈ॥ ਛੀਨ ਬਰਛੀ ਲੇ ਇਸੇ ਕਥੀ ਕੋ ਸੈਹਥੀ ਹੈ ਕੋਟਿਕ ਕਟਾਰਨ ਕੀ ਬੈਠੀ ਬਰਦਾਰ ਹੈਂ॥ ਛੁਰੀਨ ਛੁਹਤ ਗੁਰੂ ਜਨਹੂੰ ਕੀ ਗੁਰ ਜਨ ਬਰਤਿ ਬਰਨਿ ਕੋ ਨਿਵਾਰ ਤਿਨਿ ਹਾਰਿ ਹੈ॥ ਸੈਨਾ ਅਰਿਆਂ ਕੀਏ ਕਹਾਂ ਕਹੂੰ ਸੋਹਾਂ ਕੀ ਗੁਰੂ ਗੋਬਿੰਦ ਕੇ ਕਰ ਬਾਂਕੀ ਐ ਸੀਤ ਰਵਾਰਿ ਹੈਂ॥੨੪॥ ਚਢਹੀ ਬਾਜੀ ਚਢਯੋ ਗਾਢੇ ਗਢ ਢਾਹਿਬੇ ਕੋ ਦਾਹਿਬੇ ਕੋ ਦੁਖਰੀਏ ਬਰਜਯੋ ਭਵਾਨੀ ਕੋ॥ ਆਵਤਹੀ ਦਾਦੀ ਛਾਤੀ ਦਾਢੀ ਛਿਪਾਲਨ ਕੀਨਯਾਉ ਕੋ ਕਰਯਾਉਨ ਹੀ ਕੀ ਰਾਜਧਾਨੀ ਕੋ॥ ਮਹਾਬਾਹੁ ਗੁਰੂ ਜੀ ਗੁਬਿੰਦ ਰਾਇ ਪਾਰਸ ਜਯੋ ਭਾਰਥ ਕੋ ਜੀਤ ਲੇਤ ਬਸੁਧਾ ਬਿਰਾਨੀ ਕੋ॥ ਮਾਗਹੂੰ ਕੋ ਬਾਧਿਬੋ ਕਛਕ ਦਿਨ ਪਾਛੈ ਸੀਖਯੋ ਪਹਲੇ ਹੀ ਸੀਖਯੋ ਸਿੰਘ ਬਾਧਿਬੋ ਕ੍ਰਿਪਾਨੀ ਕੋ॥੨੫॥ ਕਮਨ ਸੋ ਸੇਸ ਸਮੁਰੈ ਬੈਲਸੋ ਮਹੇਸ ਮੁਰੈ ਸੰਭੂ ਸੋਰਾ ਨ ਸਮੁਰੈ ਮੁਰੰਤੀ ਅਨੰਗ ਤੈ॥ ਮੁਰ ਚਲੇ

---

1. ਸੂਰਬੀਰ,
2. ਹੂਰਾਂ,
3. ਬਹਾਦਰ,
4. ਗਿੱਧਾਂ,
5. ਇਸਤਰੀ

ਸਰਿਤਾ ਮਤੰਗਨ ਕੋ ਮਦ ਮੁਰੈ ਭੀਮ ਮੁਰੈ ਭਾਰਥ ਪਾਰਥ ਮੁਰੈ ਸੰਗਤੈ॥ ਗੋਬਿੰਦ ਮੁਰੈ ਨ ਪਰਸਰਾਮ[1] ਸੋ ਸਮਥ ਮੁਰੈ ਸੀਅਸਤ ਮੁਰੈ ਰੂਪ ਮੂਰਤ ਅਨੰਗ ਤੇ॥ ਭੂਮ ਮੁਰੈ ਲੰਕ ਕੋ ਅੰਤਕ ਹਨੂਮਾਨ ਹੀਰ ਮੇਰ ਮੁਰੈ ਮਸਕ ਮੁਰੈ ਨ ਗੁਰੂ ਜੰਗ ਤੇ॥੨੬॥ ਅਚਲ ਚਲਤ ਚਜਲ ਪਾਲ ਸੇਹਲ ਤਹਾਲ ਧਰ ਰਨ ਮਸਤ ਮਲ ਗਯੋ ਦੇਸ ਹਰਿਕੋ॥ ਅਹਿਫਨ ਫਟਤ ਘਟਤ ਸਿੰਧੁ ਪਲਕ ਮੈ ਦਾਰ ਭਯੋ ਗਰਦ ਬਭੀਖਨ ਕੇ ਅਰਕੋ॥ ਐਲ ਪਰੀ ਬਲਖ ਫਿਰੰਗ ਦੇਸ ਖੈਲ ਭੈਲ ਗੈਲ ਕੋਊ ਪਾਵੈ ਨਾਹਿ ਬਲ ਛੂਟਯੋ ਕਰਕੋ॥ ਸ੍ਰੀ ਗੁਬਿੰਦ ਸਿੰਘ ਗੁਰੁ ਦਲ ਕੇ ਚਲਤ ਹੀਰ ਪਤਿਨ ਸੰਭਾਰੇ ਨਾਰਿ ਐ ਸੰਹਾਲ ਡਰ ਕੋ॥੨੭॥ ਫੋਰਤ ਪਹਾਰਨ ਚੁਵਤ ਮਧ ਧਾਰਨ ਜੇ ਗਢਨ ਉਦਾਰਾਨ ਲਖੇ ਤੇ ਬੜੀ ਗਤ ਕੇ॥ ਧ੍ਰੂਹਿ ਭਰੇ ਧ੍ਰੂਰਸੇ ਧਰਨਿ ਧਸਕਤਿ ਪਰ ਕਜਲ ਸੇ ਕਾਰੇ ਵੇਦ ਤਾਰੇ ਮਹਾ ਗਤਿ ਕੇ॥ ਗਾਜੇ ਰਨ ਸਾਜੇ ਗਜ ਅੰਸੇ ਪੀਲਵਾਨ ਬਨੇ ਬਰਨ ਤਹੀਰ ਮਹਾਬੀਰ ਰਤਿ ਪਤਿ ਕੇ॥ ਮਹਾਂ ਅੰਗ ਭਾਰੋ ਤੇ ਬਿਦਾਰੇ ਸ੍ਰੀ ਗੁਬਿੰਦ ਸਿੰਘ ਡੀਲਨ ਡਰਾਰੇ ਹਨੇ ਹਿੰਦਵਾਨ ਪਤਿ ਕੇ॥੨੮॥ ਤੋ ਸੋ ਬੈਰ ਬਾਧਿ ਬੈਰੀ ਧੀਰਨ ਧਰਤਿ ਕਹੂੰ ਧੋ ਸਾਕੀ ਧੁੰਕਾਰ ਧਰਾ ਧਰਧਸਕਤ ਹੈ॥ ਦਲ ਕੇ ਚਲਤਿ ਮਹਿ ਹਾਲ ਤਿਹਲਤਿ ਕੋਲ ਕੂਰਮ ਕਹਲ ਫਨੀ ਫਨਿਕ ਸਕਤ ਹੈ॥ ਪ੍ਰਬਲ ਪ੍ਰਤਾਪੀ ਪਾਤ ਸ਼ਾਹ ਗੁਰੂ ਗੋਬਿੰਦ ਜੀਤੇ ਤੇਰ ਭਯ ਭੀਤਿ ਭਾਰੀ ਭੂਮਿਸ ਸਕਤਿ ਹੈ॥ ਹੋਤ ਭੂਮ ਚਾਲ ਦਿਗ ਪਾਲ ਪਾਇ ਮਾਲ ਹੋਤ ਹਲ ਕੇ ਹਲਲ ਹਾਥੀ ਮਾਥੇ ਮਸਕਿਤਿ ਹੈ॥੨੯॥ ਮਹਾ ਬਾਹੁ ਬੀਰ ਗੁਰੁ ਗੋਬਿੰਦ ਤਿਹਾਰੇ ਰੋਸ ਅਰਿਨ ਕੀ ਸੈਨਾ ਬਨ ਬਨ ਬਿਲਖਾਨੀ[2] ਹੈ॥ ਕਰਯੋ ਨ ਗਵਨ ਭੂਲਿ ਭਵਨ ਕੇ ਭੀਤਰ ਤੇ ਚਢਤੀ ਪਹਾਰਨਿਰਾਧਾਰ ਅਕੁਲਾਨੀ ਹੈ॥ ਸੁੰਦਰ ਸਰੋਜ ਮੁਖੀ ਭਈ ਭੂਖ ਪਯਾਸ ਪਤਿਨ ਸੋ ਖੀਝੈ ਕਹੈ ਮੋਤਿਨ ਮੈ ਪਾਨੀ ਹੈ॥ ਚੰਦ ਸੀ ਚਕੋਰ ਜਾਨੈ ਬਿੰਬ ਸੇ ਸੁਆ ਕੈ ਮਾਨੈ ਕੋਕਿਲਾ ਸੀ ਕਾਕਨਾਗ ਮੋਰਨ ਕੈ ਮਾਨੀ ਹੈ॥੩੦॥ ਮਹਾ ਬਾਹੁ ਵੀਰ ਗੁਰੂ ਗਬਿੰਦ ਤਿਹਾਰੇ ਰੋਸ ਸੇ ਸਸੁਰ ਪੁਰ ਹੂੰ ਧਰਾ ਮੇਧੀਰ ਕੋਧਰੈ॥ ਲੰਕ ਪਤਿ ਸੰਕੈ ਅੰਪਲੰਕ ਕਹੂੰ ਮੈ ਖੈਲ ਭੈਲ ਝੰਕ ਝਾਰ ਖੰਡ ਹੈ ਅਤੰਕ ਲਾਗਹੀ ਧਰੈ॥ ਧੋਸਾਕੀ ਸੰਕਾਰ ਤੇ ਪੁਕਾਰ ਪਰੈ ਅਲਕਾ ਮੈ ਕਲ ਕੇ ਦਲੇ ਲਹੇਲਾ ਪਾਗਵਾਰ ਧਾਹਹੈ॥ ਸਸ ਕੈਸੁਮੇਰ ਮਸਕੇ ਕਮਠ ਪੀਠ ਕਸਕੈ ਕਰੇ ਜਾਘਰੁ ਰਾਤਿ ਦਿਨ ਜੀ ਡਰੈ॥੩੧॥ ਸਵੈਯਾ॥ ਗੌਰਿਦੁਰਾਵਤਿ ਗੋਦ ਗਨੇਸਹਿ ਅੰਗ ਬਿਭੂਤ ਮਹੇਸ[3] ਮਲੈ ਨਿਤ॥ ਸੋਰ ਪਰੈ ਦਿਗ ਪਾਲਨ ਕੇ ਭੂਅ ਪਾਲਨ ਕੇ ਮਨ ਮਾਹਿ ਨਹੀ ਬਿਤ॥ ਦਾਰ ਮੁਦੇ ਪੁਰ ਸਤ੍ਰੂਨ ਕੇ ਗੁਰੁ ਗੋਬਿੰਦ ਸਿੰਘ ਖਯਾਲ ਹੀ ਖਗ ਗਹੇ

---

1. ਮਿਥਹਾਸਕ ਪਾਤਰ,
2. ਦੁਖੀ ਹੋਈ,
3. ਸ਼ਿਵ ਜੀ

ਇਤ॥ ਹਾਥੀ ਨ ਸਾਥੀ ਸੰਭਾਰਥ ਕੈ ਕੁਝੂ ਚਾਲਿ ਪਰੀ ਚਤੁਰੰਗ ਚਮੂੰ ਚਿਤ॥੩੨॥ ਛਪਯਾ॥ ਬਨ ਟੂਟਤ ਗਿਰ ਫਟਤ ਛਟਤਿ ਧੀਰ ਜਿਸੁ ਧਰਨਿ ਤਨ॥ ਦਿੱਗਜ ਦਿਗ ਕਲ ਮਲ ਤਹ ਲਤਤਲ ਸੇਖ ਨਾਗ ਮਨ॥ ਉਡਿਅਰਨ ਹਯ ਖੁਰਨ ਸੂਰਬਰ ਕਹੂੰ ਲੁਕ ਗਯ॥ ਭੱਭੀਛਨ[1] ਹਰ ਭਰਤ ਮੁੰਦ ਗਢ ਦਾਰ ਦੁਰਤਿ ਭਯਾ॥ ਕਰ ਗਹਿ ਕ੍ਰਿਪਾਨ ਗੋਬਿੰਦ ਗੁਰੁ ਜਬ ਸਲੋਹ ਪਖਰਸ ਸਤਿ॥ ਕਲ ਮਲ ਤਿਤਹੂੰ ਪੁਰ ਚਕਵੈਸੁ ਸੁਘਰਨਿ ਛਾਡ ਘਰ ਤੇ ਭਜਤਿ॥੩੩॥ ਕਬਿਤ॥ ਰਾਮ ਛਤ੍ਰਬੰਸੁ ਪਰਿ ਰਾਮਦਸਕੰਧ ਪਰਿ ਰਾਮ ਜਗ ਸਿੰਧ ਪ੍ਰਤ੍ਰੈ ਜਯੋਰਣ ਸਿੰਘ ਹੈ॥ ਰੁਦ੍ ਜਿਮਿ ਮਾਰ ਪਰ ਬੈਨ ਤੇਯ ਮਾਰਿ ਪਰ ਮੋਨ ਦੀਪਮਾਰਿ ਪਰ ਮਾਰਿ ਪਰ ਸਿੰਘ ਹੈ॥ ਸੂਰਤਮਬਿੰਦ ਪਰ ਸੂਰ ਰਣ ਦੁੰਦ ਪਰ ਸੂਰ ਦਿਤੀ ਨੰਦ ਪਰ ਦੂਜੇ ਨਰ ਸਿੰਘ ਹੈ॥ ਕਾਲ ਸਰਬੰਸ ਪਰਿ ਦਾਵਾ ਬਨ ਬੰਸਪਰ ਤਯੋ ਮਲੇਛ ਅੰਸਪਰ ਸ੍ਰੀ ਗੁਬਿੰਦ ਸਿੰਘ ਹੈ॥੩੪॥ ਛਪੈ॥ ਉਛਤ ਗਰਦ ਭਗਭਾਨ ਮਾਨ ਸੁਰਪਤਿ ਨਗਹਤ ਮਨ॥ ਨੀਰ ਛੀਰ ਭਏ ਇਕ ਕਰਕ ਟੂੱਟਤ ਉਪਬਨ ਬਨ॥ ਮਥਨ ਕਹਤ ਫਿਰ ਸਿੰਧੁ ਬਿੰਪੁਚਹਲਤ ਚਲਤ ਡਰ॥ ਸਿਮਟਿ ਸਕੁਚਿ ਰਹਯੋ ਨਾਗ ਕਮਠ ਕੋ ਚਤਕਬਿ ਕਟ ਭਰ॥ ਭਨ ਹੀਰ ਚਢਤ ਹਿੰਦਵਾਨ ਹਦ ਦਿਗ ਪਾਲ ਕੰਮ ਧਰਨੀ ਹਲਤ॥ ਗੁਰੁ ਗੋਬਿੰਦ ਸਿੰਘ ਦਲਚਢਤ ਜਬ ਅਤਲਬਿ ਤਲ ਸੁਤਲਤਲਤ॥੩੫॥ ਕਬਿਤ॥ ਏਨੀ ਅਨੀ ਬਨੀ ਜੋਗਨੀ ਨ ਜਾਤ ਕਾਹੂ ਬਿਧਿ ਮਨੀਨ ਰਹਤ ਹੀਰ ਤੀਰ ਬੂਦੇ ਝੂਰੀ ਹੈ॥ ਤਹਾਂ ਗੁਰ ਗੋਬਿੰਦ ਤਮਕ ਮਾਰੇ ਅਤਿ ਤਬ ਤੂਟ ਤੂਟ ਜਾਤ ਬਖਤਰਨ ਕੀ ਕਰੀਹੈ॥ ਗੀਧ ਚੋਢੈਲੋਥ ਕਰਾਲ ਉਡੈ ਖੋਪਰੀ ਲੈ ਲਾਜ ਜੋਗਨੀ ਜਮਾਤ ਬਿਖ ਸਾਥ ਭਰੀ ਹੈ॥ ਐਸੀ ਲਾਗੀ ਬਰਛੀ ਗੁਇੰਨ ਕੇ ਸੀਸ ਪਰ ਮਾਨੋ ਕਾਹੂ ਭ੍ਰੂ ਧਰਮ ਸਾਲੈ ਬਾਲ ਧਰੀ ਹੈ॥੩੬॥ ਸਿਕਾਰ ਬਰਨਨ॥ ਸਾਹਨ ਕੇ ਸੋਚ ਸਾਹ ਜਾਦਨ ਕੇ ਰੋਜ ਹੋਤ ਖੇਲਬੇ ਕੋ ਖੋਜ ਜਗੋ ਸਿਕਾਰਨ ਸਜਤ ਹੈ॥ ਬਯਾਕਲ ਬਿਹੰਗ ਬਿਲਲਾਤ ਫਿਰੈ ਅੰਗ ਭਿਗ ਅੰਗ ਭਿਗ ਕੈ ਕੈ ਜਲ ਥਲ ਤੇ ਭਜਤ ਹੈ॥ ਬੇਸਬਾਹੁ ਬੇਸਹਾਨੁ ਨੇ ਤੇ ਗੁਰੂ ਗੋਬਿੰਦ ਸਿੰਘ ਜਾਕੇ ਗੁਨ ਉਹ ਗੁਨਬੇ ਕੋ ਉਪਜਤ ਹੈ॥ ਕਾਹੇ ਮਗਰੂਰ ਖਗ ਪੂਛਤ ਸਹੂਰ ਗਯੋ ਗੁਰਰ ਗੁਰੂਰ ਗਯੋ ਕਾਹੇ ਨ ਤਜਤ ਹੈ॥੩੭॥ ਬੈਸਬੰਸ ਰਹੇ ਗੁਰੂ ਗੋਬਿੰਦ ਕੀ ਸਰਕਾਰ ਜਾਤੀ ਦਹਤ ਗਿਰੇ ਕੁਹਨ ਕੇ ਘਰ ਹੈਂ॥ ਜਾਕੀ ਦਹਤ ਬਰ ਬਾਜਨ ਬਰਨ ਧਰੈ ਜਾਕੀ ਦਹਤ ਛੂਟੈ ਸਾਰਦੂਨ ਸਰ ਹੈ॥ ਜਾਕ ਦੱਸਤ ਕੀ ਸੁਧੂਮ ਧਾਮ ਧਰਾਪਰ ਜਾਕੀ ਦਹਸਿਤ ਦਹਿ ਦਿਸ ਮੈ ਪ੍ਰਚੁਰ ਹੈ॥ ਸਿਗਰੇ ਜਹਾਨ ਕੇ ਬਿਹੰਸ ਜਿਨ ਭੰਗ ਕੀਨੇ ਕੋਪ ਸੁਨ ਆਵਤ ਕੁ ਲੰਪ ਗਾਇ ਡਰਹੈ॥੩੮॥ ਸੰਲਹਿ ਦਬਤ ਐਲ ਪਰਤ ਅਤੰਕ ਪਰ ਖੈਲੇ ਭੇਲੇ ਖਲਕ ਖਲਨ ਘਰ ਬਾਰ ਹੈ॥ ਕਾਨਨ ਕੁਰੰਗ ਬਾਚੇ ਮਤ ਕੇ ਮਤੰਗ ਕਹੂ ਬਾਘਨ ਬਿਹੰਗ ਬਕ ਬਾਨਰ

---

1. ਭਬੀਖਨ

ਕਹਾਰ ਹੈ॥ ਝਾਖ ਰੋਝ ਰੀਛ[1] ਘਰ ਝਾਖਰਬ ਰਾਹਨ ਕੇ ਦਾਹਨ ਦਹਨਦੇਵ ਬਾਹਨ ਸੁਮਾਰ ਹੈ॥ ਪਰਨਿ ਪੁਕਾਰ ਅਰ ਛੋਡੈ ਘਰ ਬਾਰ ਭਜੈ ਸੋ ਤੋ ਗੁਰੂ ਗੋਬਿੰਦ ਕੀ ਸਹਜ ਸਿਰਕਾਰ ਹੈ॥੩੯॥ ਸਵੈਯੇ॥ ਸਾਜ ਸਿਕਾਰ ਚਢੇ ਗੁਰੂ ਗੋਬਿੰਦ ਪਬਨ ਸ੍ਰਿੰਗ ਪਿਸਾਨ ਭਏ ਨਿਤ॥ ਲੰਕ[2] ਅਤੰਕ ਪੁਕਾਰ ਪਰੀ ਪੁਰ ਸੰਕ ਬਿਭੀਖਨ ਰੰਕ ਭਯੋ ਤਿਤ॥ ਟੂਟਿ ਫਨੀ ਫਨ ਹੂਟਿਗੇ ਦਿਗਜ ਧੀਰਜ ਧੋਲ ਕੀ ਜਾਇ ਰਹੀ ਕਿਤ॥ ਕਛੂ ਪਕੋਲ ਬਿਹਾਲ ਭਏ ਸਭ ਚਾਲਿ ਪਰਯੋ ਚਤੁਰੰਗਚਮੂੰ ਚਿਤ॥੪੦॥ ਕਬਤਿ॥ ਉਦਧਿ ਸਿਮੰਟੰ ਜਾਇ ਉਚੇਨ ਲਹਰ ਉਰੈ ਭੈ ਤੇ ਬਿਭੀਖਨ ਦੇਤ ਲੰਕਾ ਕੇ ਦਿਵਾਰ ਕੋ॥ ਮੇਰ ਸੁਕਚਾਨੋ ਦੇਖ ਮਘਵਾ ਭੁਲਾਨੋ ਗਜ ਬਲ ਛਾਡ ਬਲ ਜਾਇ ਦੁਰਯੋ ਹੈ ਪਤਾਰ ਕੋ॥ ਮਹੀ ਪਰ ਜੇਤੇ ਸੁ ਮਹੀਪਤ ਬਸਤ ਨਾਥ ਪਰਤ ਭਗਾਨੋ ਨ ਸੰਭਾਰ ਨ ਨਾਰਿ ਕੋ॥ ਗੁਰੂ ਸ੍ਰੀ ਗੁਬਿੰਦ ਸਿੰਘ ਬਧਿ ਕਰਤਾਰ ਹੂੰ ਕੋ ਪਾਇ ਰੈ ਦੈ ਪਾਇ ਰੈ ਦੈ ਪਾਇ ਜਬ ਚਢਤ ਸਿਕਾਰ ਕੋ॥੪੧॥ ਦਾਨ॥ ਕਬਿਤ॥ ਅਰਬ ਐਰਾਕ ਬੈਜ ਨਾਥ ਦਵਾਰਕਾ ਬਬਾਰੇ ਬਾਰੇ ਬੜੀ ਡੀਲ ਸੈਨ ਕਹੈ ਕੂਤਕੈ॥ ਚਪਲਾ ਸੇ ਚਪਲ ਚਲਾਕ ਚਹੂੰ ਪਾਇ ਪੂਰੇ ਪੋਨ ਗੋਨ ਪਲਕੋਸਕੈ ਨ ਦਿਨ ਦੂਤਕੈ॥ ਮਨ ਕੇ ਹਰਨ ਮਨ ਮੀਨ ਕੇ ਦਰਨ ਜਿਨੈ ਚਾਹਨ ਕੀ ਚਾਹ ਪਾਤ ਸਾਹਨ ਕੇ ਪੂਤ ਕੇ॥ ਬਕ ਸੇ ਤਿਹਾਰੇ ਗੁਰੂ ਗੋਬਿੰਦ ਜੀ ਅੰਸੇ ਹਯ ਥਿਰ ਹੈਨ ਜਾਇ ਪਾਇ ਗਹੈ ਪੁਰ ਹੂਤ ਕੇ॥੪੨॥ ਗੁਰਰ ਗਰੂਰਤ ਜਯੋ ਬਾਜ ਸਭ ਬਾਜ ਆਏ ਜੋਰਾਵਰ ਜੁਰਗਜਾਨ ਜੇਰ ਆਨ ਹੈ ਭਏ॥ ਹਾਥ ਗੁਰੁ ਗੋਬਿੰਦ ਕੇ ਬੇਸ ਰਾਸਿ ਪਾਯੋਨਾਨੋ ਛੂਟਯੋ ਲਖਲਾਖਨ ਬਿਹੰਗ ਲੀਨ ਹੈ ਗਏ॥ ਚਰਨ ਚਪੇਟਿ ਚਿੰਚ ਚੋਭ ਤੇ ਚਮਟਿ ਚਪਿ ਮਾਰਜੋ ਕੁਲ ਮੁਰਗ ਕਲੋਲ ਜੀਅ ਮੈ ਭਏ॥ ਤਾਹੀ ਖਿਨਤੀ ਖੇਤੇਜ ਤਰਲ ਤੁਰੰਗ ਕੇਤੇ ਮੋਜ ਸੋ ਮਗਾਇਮੋਲ ਮਹਾ ਬਾਹੁ ਤੈ ਗਏ॥੪੩॥ ਆਲਮ ਕਬਿ ਦਾਨ॥ ਕਬਿਤ॥ ਸੋਭਾ ਹੂੰ ਕੇ ਸਾਗਰਨਵਲ ਨੇਹ ਨਾਗ ਰਹੈ ਬਲ ਭੀਮ ਸਮ ਸੀਲ ਕਹਾ ਲੌ ਗਨਾਇਏ॥ ਭੂਮ ਕੇ ਬਿਭੂਖਨ ਸੁ ਦੂਖਨ ਕੇ ਦੂਖਨ ਸਮੂਹ ਸੁਖਹੂ ਕੇ ਸੁਖ ਆਰੋਗੁਨ ਗਾਇਏ॥ ਹਿੰਮਤ ਨਿਧਾਨ ਆਨ ਦਾਨ ਕੋ ਬਖਾਨੇ ਜਾਨੇ ਆਲਮ ਤਮਾਮ ਜਾਮ ਆਰੋ ਗੁਨ ਗਾਇਏ॥ ਪ੍ਰਬਲ ਪ੍ਰਤਾਪੀ ਪਾਤਸਾਹ ਗੁਰੂ ਗੋਬਿੰਦ ਜੀ ਭੋਜ ਕੀ ਸੀ ਮੋਜ ਤੇਰੇ ਰੋਜ ਰੋਜ ਪਾਇਏ॥੪੪॥ ਸੁੰਦਰ ਅਨੰਗ ਕਿਧੋ ਚਪਲ ਕੁਰੰਗ ਬਮ ਸਰਰ ਕੇ ਸੰਗ ਚੇਲ ਆਗੇ ਹੀ ਕੋ ਦੇਤ ਹੈ॥ ਪਵਨ ਕੋ ਪਾਛੇ ਮਨ ਕੋ ਗਵਨ ਹਰ ਦੌਰ ਕੈ ਪਲਕ ਮਾਹਿ ਫਾਧਿ ਜਾਤ ਸੇਤ ਹੈ॥ ਰਵਿ ਰਥ ਚਢਤ ਉਤਰਤ ਜਾਤ ਯਾਹੀ ਲਿਏ ਮੇਰੇ ਮੇਰੇ ਏਕਏ ਅਨੇਕ ਸਾਜਨ ਸਮੇਤ ਹੈ॥ ਐਸੇ ਬਾਜੀ ਦੇਖਿਏ ਨ ਕਹੂ ਤੀਨ ਭਵਨ ਮੈ ਕਬਿ ਨ ਕੋ ਜੈਸੇ ਗੁਰੂ ਗੋਬਿੰਦ ਜੀ ਦੇਤ ਹੈ॥੪੫॥ ਊਪਰ ਨਿਰੇਸ ਹੂੰ ਕੀ ਕਾਸਮੀਰ ਦੇਸ ਹੂੰ ਕੀ ਭਰੀ ਆਨ ਧਾਮਰੀ॥ ਬੁਨੀ ਕਾਰੀਗਰ ਕਾਰੀ ਕਰੀ ਖੂਬ ਗੁਲਕਾਰੀ ਪਹਿਰੈ

---

1. ਜੰਗਲੀ ਜਾਨਵਰ, 2. ਲੰਕਾ

ਭਿਖਾਰੀ ਮੋਲ ਪਾਵੈ ਲਾਖ ਦਾਮਰੀ॥ ਸੀਤਹੂ ਕੋ ਜੀਤ ਲੇਵ ਐਸੀ ਸੋਭਾ ਦੇਹ ਦੇਤਿ ਮੰਗਲ ਸੁ ਕਬਿ ਜਯੋ ਕਨੈ ਆਜ ਕੋ ਕਾਮਰੀ॥ ਸਯਾਮ ਸੰਤ, ਪੀਰੀ, ਲਾਲ, ਜਰਦ, ਸਬਜ, ਰੰਗ ਸ੍ਰੀ ਗੁਰੁ ਗੋਬਿੰਦ ਸਿੰਘ ਐਸੀ ਦੇਤ ਮੋਜਪਾਮਰੀ॥੪੬॥ ਕਬਿਤ॥ ਦਿਜਨ[1] ਕੇ ਦਲ ਜੋਗੀ ਜੰਗਮ[2] ਜਮਾਤ ਦ੍ਵਾਰ ਬੰਦੀ ਜਨ ਕਿਤ ਕਹੈ ਜਗਤ ਮੈ ਜਾਹ ਕੀ॥ ਸੋਭਾ ਸੁਭ ਦੇਤ ਲੇਤ ਛਲਨ ਕੋ ਛਲ ਰੋਜ ਦੇਖ ਦੇਖ ਸੁਧ ਭੂਲੀ ਜਾਤ ਸੁਰਨਾਹ ਕੀ॥ ਗੋਬਿੰਦ ਗੁਰੂ ਕੋ ਦਾਨ ਮਾਲੁਮ ਜਹਾਨ ਭਯੋ ਭਿਖਯਕ ਕੀਏ ਹੈ ਭੂਪ ਪਰਵਾਹ ਕਾਹ ਕੀ॥ ਬਲਿਬੇਨ ਬ੍ਰਿਕਮਨ[3] ਭੋਜ[4] ਹੂੰ ਮੈ ਚੋਜ ਐਸੀ ਜਾਕੀ ਏਕ ਮੋਜਨ ਵਰਜੋ ਪਾਤਸਾਹ ਕੀ॥੪੭॥ ਹੰਸ ਰਾਮ॥ ਕਬਿਤ॥ ਕਰਨ ਸੇ ਦਾਤਾ ਹੋ ਬਿਧਾਤਾ ਮਹਿ ਮੰਡਲ ਕੇ ਬੈਰੀ ਕੇ ਬਿਹੰਡਨ ਪ੍ਰਚੰਡ ਭੂਰਿ ਭਾਰਕੋ॥ ਪੁਰਖ ਪੁਰਾਨ ਸੇ ਪੁਰਾਨਨ ਮੈ ਜਾਇਅਤ ਸਾਚੇ ਗੋਬਿੰਦ ਅਧਾਰ ਨਿਰਾਧਾਰਕੋ॥ ਜੋਨ ਤੇਰੀ ਕੀਰਤਿ ਜਗਾਤੋ ਜੰਬੂ ਦੀਪ ਕੈ ਕੈ ਪਸਰੈ ਉਜਾਰੋ ਪਰਸਤ ਪਾਰਵਾਰਕੋ॥ ਗੁਰਨ ਕੇ ਬੰਸ ਚਲਿ ਆਈ ਹੰਸ ਰਾਮ ਸਦਾ ਗੁਨੀ ਸੋ ਉਦਾਰ ਤੇਰੋ ਦ੍ਵਾਰ ਤਰਵਾਰਕੋ॥੪੮॥ ਜਾਚੇ ਧ੍ਰਅ[5] ਪਾਯੋ ਹੈ ਅਮਰਪਦ ਸੁਰ[6] ਲੋਕ ਨਾਮਾਜੂ[7] ਕੋ ਜਾਚੇ ਦਿਓ ਦੇਹੁਰੀ[8] ਫਿਰਾਇ ਜੀ॥ ਬਿਪਤਾਮੈ· ਲੰਕ ਦੀਨੀ ਜਾਚੇ ਤੇ ਭਭੀਖਨ[9] ਕੋ ਮੰਗਲ ਸੁ ਕਬਿ ਜਾਚੈ ਮੰਗਲ ਸੁਨਾਇ ਜੀ॥ ਦ੍ਰੋਪਤੀ ਨਗਨ ਹੋਤ ਜਾਚਯੋ ਸਭਾ ਮਾਹਿ ਅੰਬਰ ਲੌਂ ਅੰਬਰ ਮਹੀ ਪੈਰਹੇ ਛਾਇ ਜੀ॥ ਐਸੋ ਦਾਨ ਦੈਬੇ ਕੋਨ ਕੋਊ ਸਤਗੁਰੁ ਬਿਨਾ ਔਰ ਕੋਨ ਜਾਚਿਏ ਬਿਨਾ ਗੁਬਿੰਦ ਰਾਏ ਜੀ॥੪੯॥ ਸੀਲ ਰਸ ਸਾਇਰਸੀ ਲੋ ਰਣ ਰੰਗਧੀਰ ਜੰਗ ਜੁਰੇ ਜੈਤਵਾਰ ਕਰਨੀ ਕੁਬੇਰ ਕੀ॥ ਕਹੈ ਕੋਨ ਕਬਿ ਤੇਜ ਤਰਨ ਲੋਤ ਪੈਤ੍ਰ ਪਾਰਾਵਾਰ ਲਗ ਫੈਲੀ ਜੀਤ ਸਮਸੇਰ ਕੀ॥ ਕਰ ਰਨ ਰੋਸ ਖਲ ਖੰਡਨ ਕਟਕ ਕੂਟ ਦੁਜਨ ਦਰੇਰ ਜਗ ਜੀਤਿ ਜਿਮੀ ਜੇਰ ਕੀ॥ ਤੇਗ ਤ੍ਰਾਸ ਸਾਚੋ ਗੁਰੁ ਗੋਬਿੰਦ ਜੀ ਤੋਰੋ ਜਸ ਜਗ ਰਮ ਗਰ ਭਯੋ ਸੋਭਾ ਗਈ ਮੇਰ ਕੀ॥੫੦॥ ਸਾਧਨ ਕੋ ਸਿਧ ਸਰਬਗਤ ਸਮਰ ਸਿੰਧੁ ਸੁਧਾਧਰ ਸੁੰਦਰ ਸਰਸਪਦ ਪਾਯੋ ਹੈ॥ ਕਲਕੋ ਕਲਸ ਕਵਿ ਕਾਮਨਾ ਕੋ ਕਲਪਤਰ ਕਪ ਕੀਏ ਕਾਲ ਕਬਿ ਅਨ ਗੁਨ ਗਾਯੋ ਹੈ॥ ਦੇਵਨ ਮੈ ਦਾਨਵ[10] ਮੈ ਮਾਨਵ ਮੁਨਿ ਨ ਹੂੰ ਮੈ ਜਾਕੋ ਜਸ ਜਾਹਰ ਜਹਾਨ ਚਲਿ ਆਯੋ ਹੈ॥ ਤੇਗ ਸਾਚੋ ਦੇਗ ਸਾਚੋ ਸੂਰਮਾ ਸਰਨ ਸਾਚੋ ਸਾਚੋ ਪਾਤਸਾਹ ਗੁਰੂ ਗੋਬਿੰਦ ਕਹਾਯੋ ਹੈ॥੫੧॥ ਬੇਦਨ ਮੈ ਨਾਮ ਸੁਨਯੋ ਸਿੰਧੁ ਮਰਜਾਦਾ ਮੇਰੁ ਮੰਡਲ ਮਹੀ ਮੈਗੁਰਿਆਈ ਗੁਨ ਗਾਏ ਹੌਂ॥ ਸਰਮ ਕੇ ਸਾਗਰ ਸਪੂਤਨ ਕੇ ਸਿਰ ਮੋਰ ਸੁੰਦਰ ਸੁਧਾ ਧਰਸੇ ਸੁੰਦਰ ਗਨਾਏ ਹੌਂ॥ ਰਚਨ ਮੈ ਦਾਨ ਬਾਨ ਬਾਨੀ ਹਰੀ

---

1. ਪੰਡਿਤ, 2. ਜੋਗੀ ਅਤੇ ਜੰਗਮ, 3. ਰਾਜਾ ਬਿਕ੍ਰਮਜੀਤ, 4. ਰਾਜਾ ਭੋਜ, 5. ਧ੍ਰੂ ਭਗਤ, 6. ਸਵਰਗ ਲੋਕ, 7. ਨਾਮਦੇਵ ਭਗਤ, 8. ਮੰਦਿਰ ਦਾ ਦਰਵਾਜਾ, ਦੇਹੁਰਾ, 9. ਰਾਵਨ ਦਾ ਭਰਾ, 10. ਦੈਂਤ

ਚੰਦ ਕਸੀ ਬਿਦਤ ਬਿਨਯ ਬੜੇ ਬੰਸ ਚਲੇ ਆਏ ਹੌਂ॥ ਤੇਜ ਕੋ ਤਰੁਨਤਰ ਵਾਰ ਕੋ ਪਰਸ ਰਾਮ ਗੁਰਨ ਮੈ ਐਸੇ ਗੁਰ ਗੋਬਿੰਦ ਕਹਾਏ ਹੌਂ॥੫੨॥ ਛਰੀ ਬਰਨਨੰ॥ ਅਸੁਰ ਬਿਦਾਰਿ ਬੇ ਕੋ ਸੁਰ ਪ੍ਰਤਿ ਪਾਰਿਬੋ ਕੋ ਭਗਤ ਉਧਾਰਿਬੇ ਕੋ ਮੁਕਤ ਕੀ ਜਰੀ ਹੈ। ਅਹਿ ਦਲ ਭੰਜਬੇ ਕੋ ਗਾਢੇ ਗਢ ਗੰਜਬੇ ਕੋ ਸਭ ਸੁਖ ਸੰਜਬੇ ਕੋ ਮਹਾ ਸੁਖ ਭਰੀ ਹੈ॥ ਕਰਤ ਕਲੋਲ ਗੁਰੂ ਗੋਬਿੰਦ ਕੇ ਕਰ ਮਾਂਹਿ ਚਕ੍ਰਸਾਥ ਹੂੰ ਤੇ ਮਾਰਬੇ ਕੀ ਬਿਧਿ ਪਰੀ ਹੈ॥ ਫਤੇ ਕੀ ਨਿਸਾਨੀ ਯਹ ਪੂਰਬ ਜਨਮ ਹੂੰ ਕੀ ਤਬ ਹੁਤੀ ਗਦਾ ਅਬ ਸਯਾਮ ਰੰਗ ਛਰੀ ਹੈ॥੫੩॥ ਕੁੰਜ ਕੁੰਜ ਗਲਨ ਬਜਾਈ ਬਨ ਬਾਂਸੁਰੀ ਸੋਉ ਨਹੀ ਕੇ ਸੰਗ ਸੋਈ ਸਾਰਦਾ ਕਹਤ ਹੈ॥ ਜਮਨਾ ਕੇ ਤਟ ਬੰਸੀ ਬਟਕੇ ਨਿਕਟ ਸੋਈ ਤਟਸ ਦ੍ਰਵ ਆਨ ਸਾਹਿਬੀ ਕਰਤ ਹੈਂ॥ ਦੇਖੋ ਭੂਪ ਭੂਪਨ ਕੇ ਭੂਮਿਕੇ ਭਗਤ ਲੋਕੋ ਭਾਗਯਾ ਛਰੀ ਕੇ ਮੋਸੋ ਕਹਿਬੇ ਬਨਤ ਹੈਂ॥. ਕਾਨ ਹੈ ਕੇ ਔਤਰਯੋ ਤੋ ਮੁਖ ਹੀਰਹਤ ਲਾਗੀ ਗੋਬਿੰਦ ਹੈ ਔਤਰਯੋ ਹਾਥ ਹੀ ਰਹਤ ਹੈ॥੫੪॥ ਪੂਰਨ ਪੁਰਖ ਅਵਤਾਰ ਆਨ ਲੀਨੋ ਆਪ ਜਾਕੇ ਦਰਬਾਰ ਮਨ ਚਿਤ ਵੈਸੋ ਪਾਇਏ॥ ਘਟ ਘਟ ਬਾਸੀ ਅਬਿਨਾਸੀ ਨਾਮ ਜਾਕੋ ਜਗ ਕਰਤਾਰ ਕਰਨਹਾਰ ਸੋਈ ਦਿਖਰਾਇਏ॥ ਨੌਮੇ ਗੁਰੂ ਨੰਦ ਜੰਗ ਬੰਦ ਤੇਗ ਤਯਾਗ ਪੂਰੋ ਮੰਗਲ ਸੁ ਕਬਿ ਕਹੈ ਮੰਗਲ ਸੁਨਾਇਏ॥ ਆਨੰਦ ਕੋ ਦਾਤਾ ਗੁਰੂ ਸਾਹਿਬ ਗੁਬਿੰਦ ਰਾਏ ਚਾਹੈ ਜੋ ਅਨੰਦ ਤੋ ਅਨੰਦ ਪੁਰ ਆਇ਼ਏ ॥੫੫॥ ਰਾਵਨ ਤੇ ਛੀਨ ਦਈ ਬਖਸ ਬਿਭੀਖਨ ਕੋਬਾਵਨ ਹ੍ਵੈ ਬਾਧਯੋ ਬਲ ਜਬ ਤੁਮ ਚਾਹੀਹੈ॥ ਕਬਿ ਚਾਰ ਮੁਖ ਰਚਯੋ ਥੰਭ ਬੀਚ ਨਰਸਿੰਘ ਪ੍ਰਹਲਾਦ[1] ਜੂਕੀ ਪੈਜ ਪੂਰਨ ਨਿਬਾਹੀ ਹੈ॥ ਗੁਰੂ ਜੀ ਗੋਬਿੰਦ ਗਏ ਚਾਹੋ ਤੁਮ ਸੋਈ ਕਰੋ ਬੂਝ ਦੇਖੋ ਬੇਦ ਇਸ ਬਾਤ ਕੋ ਉਗਾਹੀ ਹੈ॥ ਔਰ ਪਾਤਸਾਹੀ ਸਭ ਲੋਕਨ ਕੋ ਪਾਤਸਾਹ ਪਾਤਸਾਹ ਪਰ ਸਾਚੀ ਤੇਰੀ ਪਾਤਸਾਹੀ ਹੈ॥੫੬॥ ਭਾਂਵੈ ਜਾਇ ਤੀਰਥ ਭ੍ਰਮ ਸੇਤ ਬੰਧਹੂੰ ਲੋ ਭਾਵੇ ਜਾਇ ਕੰਦਰਾ ਮੈ ਕੰਦ ਮੂਲ ਖਾਇਏ॥ ਭਾਵੈ ਦੇਹ ਦੁਆਰਕਾ ਦਗਧ ਕਰੋ ਪਾਛੇ ਲਾਇ ਭਾਵੈ ਕਾਸੀ ਮਾਹਿ ਜਾਇ ਜੁਗਲੌਂ ਬਸਾਇਏ॥ ਭਾਵੈ ਪੂਜੇ ਦੇਹੁਰੇ ਦਿਵਾਲੇ ਸਭ ਜਗ ਹੂੰ ਕੇ ਪਾਵੈ ਖਟ[2] ਦਰਸਨ ਕੇ ਭੇਖ ਮੈ ਫਿਰਾਇਏ॥ ਜੋ ਤੂੰ ਚਾਹੈ ਮਨਸਾ ਕੋ ਮੰਗਲ ਤੁਰਤ ਫਲ ਗੋਬਿੰਦ ਗੁਰੁ ਕੀਏ ਮੋਜ ਹੀ ਮੈ ਪਾਇਏ॥੫੭॥ ਜਿਨਕ ਪ੍ਰਤਾਪ ਪਰਿ ਪੂਰਨ ਪੁਰਮਿਪਰ ਤੇਉ ਤੇਰੇ ਚਰਨ ਕੋ ਕਰਤ ਬਖਾਨ ਹੈਂ॥ ਜਿਨੈ ਚਾਹਿ ਚੱਕਵੈ ਚਕਿਤ ਹੋਤ ਹੰਸ ਰਾਮ ਸੋਉ ਤੇਰੇ ਚਾਹਿਬੋ ਕੋ ਧਾਰਤ ਧਿਆਨ ਹੈ॥ ਜਿਨ ਕੋ ਬਿਜਯ ਪਰਵਾਰ ਪਾਰ ਦੇਖਿਅਤ ਪ੍ਰਬਲ ਪ੍ਰਚੰਡ ਸੁਨੇ ਜਾਹਰ ਜਹਾਨ ਹੈ॥ ਜਿਨਕੋ ਨਦਰ ਬਾਰ ਮਾਇਅਤ ਮਹੀ ਨ ਕਲੋ ਤੇਉ ਤੇਰੇ ਦਰਬਾਰ ਦੇਖੇ ਦਰਬਾਨ ਹੈ॥੫੮॥ ਸਵੈਯਾ॥ ਸਤਜੁਗ ਪ੍ਰਗਟ ਪ੍ਰਬਲ ਪਰਸਰਾਮ ਹ੍ਵੈ ਕੈ ਛੈਕ ਛਾਡੇ ਛਤ੍ਰੀ ਕਰ ਅਤ੍ ਕਾਹੂੰ ਨਾ ਪਚਯੋ॥ ਤ੍ਰੇਤਾਰਘੁ ਨਾਥ ਹੈ ਕੇ ਬਾਨਰ ਸਨਾਥ ਕੀਨੋ ਗੀਧਨ ਖਵਾਯੋ ਮਾਸ ਲੰਕ ਪਤਿ ਜੋ ਲਰਯੋ॥ ਦ੍ਵਾਪਰ ਕਨਾਈ[3] ਬਨ ਬਾਂਸੁਰੀ

---

1. ਨਰਸਿੰਘ ਤੇ ਪ੍ਰਹਿਲਾਦ ਭਗਤ, 2. ਛੇ ਸ਼ਾਸਤਰ, 3. ਭਗਵਾਨ ਕ੍ਰਿਸ਼ਨ

ਬਜਾਈ ਸੁਰ ਨਰ ਮੁਨਿ ਕਾਹੂੰ ਧੀਰ ਨਾ ਤਬੈ ਕਰਯੋ॥ ਕਲਿਜੁਗ ਤਾਰਿਬੇ ਕੋ ਸਾਧਨ ਕੇ ਧਾਰਿਬੇ ਕੋ ਸੁੰਦਰ ਸਰੂਪ ਗੁਰੂ ਗੋਬਿੰਦ ਹੈ ਔਤਰਯੋ॥੫੯॥ ਲਲਿਤਪਦ ਛੰਦ॥ ਇਤਯਾਦਿਕ ਗੁਰੁ ਜਸ ਕਬਿਤਾ ਗੁਰੁ ਪਦ ਪਦ ਮਮ ਨਾਈ॥ ਗੁਨਿ ਜਨ ਨਿਤ ਨਿਤ ਰਚਨਾ ਕਰਕੈ ਸਤਗੁਰੁ ਅੰਗ ਸੁਨਾਈ॥ ਰੀਝ ਰੀਝ ਦਾਰਿਦ ਦਰਦਾਰਯੋ ਦਈ ਅਧਿਕ ਬਡਿਆਈ॥ ਸਿੰਘ ਸੁਮੇਰੇ ਜਾਨ ਆਗਮ ਬਿਧਿ ਦਈ ਕਵੀ ਨ ਬਿਦਾਈ॥੬੦॥ ਹੰਸ ਰਾਜ॥ ਕਾਇਮ ਕਬੇਰ ਸਾਤ ਸਾਇਰ ਸੁਮੇਰ ਜੌ ਲੌ ਕੀਰਤ ਕਰਨ ਕੀ ਕਰਨ ਅਵਗਾਹਿਬੀ॥ ਜੋਲੌ ਮੋਨ ਪੰਨਗ ਪ੍ਰਬਲ ਪੁਹਮੀ ਕੇ ਭਾਰ ਪਾਰਥ ਕੋ ਜੋ ਲੌ ਪਰਖਾਰਥ ਸਰਾਹਿਬੀ॥ ਜੋ ਲੌ ਸਿਵ ਸਲਿਤਾ ਸੁ ਕਬਿ ਹੰਸ ਰਾਜ ਕਹੈ ਜੋ ਲੌ ਰਾਮ ਰਾਵਨ ਕੀ ਰਾਮਾਇਨ ਚਾਹਬੀ॥ ਜੋਲੌ ਧ੍ਰੂਅ ਧਰਨਿ ਤਰਨਿ ਭਾਗਤੇਜ ਰਾਜੈ ਤੋਲਗ ਗੋਬਿੰਦ ਸਿੰਘ ਤੇਰੇ ਸੀਸ ਸਾਹਿਬੀ॥੬੧॥ ਨਿਜ ਨਿਜ ਧਾਮ ਗਏ ਸਭ ਕਬਿ ਗਨ ਬਿਦਾ ਕਿਏ ਗੁਰੁ ਪੂਰੇ॥ ਦਾਨ ਮਾਨ ਸਨਮਾਨ ਤੋਖ ਕਰ ਕਹਿ ਆਗਮ ਬਿਧਿ ਰੂਰੇ॥ ਲੋਕ ਔਰ ਪਰਲੋਕ ਸੰਗ ਮੈ ਸਿਮਰਹੁ ਹੋਹੁ ਸਹਾਈ॥ ਅਬ ਅਤੰਕ ਘਮਸਾਨ ਜਾਨ ਕਰ ਦੀਜਤ ਤੁਮਹਿ ਬਿਦਾਈ॥੬੨॥ ਕੁਊ ਕੁਊ ਰਹੇ ਜਿ ਸਿੰਘ ਸਿਪਾਹੀ ਅਧਿਕ ਚਲੇ ਕਬਿ ਗੁਨਿ ਜਨ॥ ਦੈ ਅਸੀਸ ਬਕਸੀਸ ਪਾਇ ਪਦ ਧੂਰਿ ਲਾਇ ਸਿਰਮੁਨਿ ਧਨ॥ ਹੰਸ ਰਾਮ ਮਗਜਾਤਹਿ ਹੇ ਰਯੋ ਸੰਗ ਭੀਤ ਭਰ ਭਾਰੀ॥ ਭਾਜ ਚਲੈ ਜਬ ਗਿਰੀ ਸਪਾਹੀ ਤਬ ਕਬਿ ਕਬਿਤ ਉਚਾਰੀ॥ ਕਬਿਤ॥ ਦੰਦ ਭੀ ਧੁੰਕਾਰੇਬਾਜੈ ਮਾਨੋ ਜਲ ਧਰ ਗਾਜੈ ਗਜਤ ਨਿਸਾਨ ਭਯ ਭਾਨ ਛਿਪੇ ਜਾਤ ਹੈ॥ ਹਾਥਿਨ ਕੇ ਹਲਕਾਹ ਜਾਰਨ ਗਲੈ ਕੋਹਯ ਜਟਿਤ ਜਵਾਹਿਰ ਕੋ ਜਗਮਗ ਗਾਤਿ ਹੈ॥ ਕੋਰ ਸਾਜੇ ਜੋਰ ਕਰ ਨਾਲ ਨ ਕੇ ਸੋਰ ਸੁਨੇ ਕੰਪਤ ਸੁਰੇਸ ਔ ਨਰੇਸ ਬਿਲਖਾਤਿ ਹੈ॥ ਹੰਸ ਰਾਮ ਕਹਤ ਬਿਰਾਜੋ ਨਿਜ ਭਾਜੋ ਗੁਰੂ ਗੋਬਿੰਦ ਕੋ ਮਾਗੇ ਕਬਿ ਰਾਜ ਚਲੇ ਜਾਤਿ ਹੈ॥੬੪॥ ਦੋਹਰਾ॥ ਇਹਿ ਬਿਧਿ ਧੀਰਜ ਦੈ ਗਏ ਕਬਿ ਬਰਨਿਜ ਧਾਮ॥ ਸ੍ਰੀ ਪ੍ਰਭੂ ਕੇ ਪਦਮ ਕੋ ਸਿਮਰਤ ਉਰ ਸਤਿਨਾਮ॥੬੫॥

ਸਾਖੀ॥੧੬੧॥ ਇਤਿ ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸ ਪੁਰਾਨੇ ਸ੍ਰੀ ਗੁਰੁ ਚਤਰਥ ਖੰਡਾਂਤਰ ਗਤ ਦੁਆਦਸਮ ਮੰਡਲ ਉਤ੍ਰਾਰਧੇ ਕਬਿ ਜਨ ਕਬਿਤ ਬਰਨਨਾਤਮਕ ਤ੍ਰੈ ਬਿਸੰਤਮੀ ਪ੍ਰਾਤ੍ਰ:॥੨੩॥ਚੋ:॥ ਛੂਟੀ ਜਬਹੀ ਸਰਬ ਮਸੰਦੀ॥ ਬਚੇ ਜਿਰਚੇ ਬਚਨ ਸੰਗ ਸੰਦੀ॥ ਮਿਲਿ ਮਿਲਿ ਮਾਤਾ ਜੀ ਸਨਕਹੈ॥ ਬਯਿਗ ਬਚਨਜੂ ਅਸਰਧਕ ਅਹੈ॥੧॥ ਘ੍ਰਕੋ ਧਨ ਸਭਸ ਦ੍ਰਵ ਦੀਆ॥ ਬਾਹਰ ਤੇ ਸੁਬੰਦ ਸਭ ਕੀਆ॥ ਗੁਰ ਘਰ ਕੋ ਬਰ ਖਰਚ ਅਨੇ ਕਾ॥ ਸੋਨ ਬੰਦ ਹ੍ਵੈ ਸਕਤ ਬਿਬੇਕਾ॥੨॥ ਮਾਤਾ ਸਾਹਿਬ ਅਸ ਕਸ ਹੋਈ॥ ਬਰ ਤਤ ਭਾਨੋ ਜਾਨੋ ਸੋਈ॥ ਬਿਨ ਪ੍ਰੇਰਕ ਸਿਖਹੁ ਸੁਖ ਆਏ॥ ਦੇਤਨ ਕਾਰ ਕਾਰ ਸਭ ਛਾਏ॥੩॥ ਯਾਤੇ ਕੋਈ ਬਿਧਿ ਅਸ ਕੀਜੈ॥ ਜਾਤੇ ਪੁਨ ਕਾਰਜ ਸਮਝੀਜੈ॥ ਉਚਤ ਦੰਡ ਤਿਨ ਪਾਯੋ

ਦੰਡਾ॥ ਬਾਕੀ ਬਚੇ ਕਰੈ ਬਿਧਿ ਮੰਡਾ॥੪॥ਦੋ:॥ ਮਾਤਾ ਜੀ ਭੋਰੀ ਪ੍ਰਾਕਿਤ[1] ਸੁਨਿ ਗੁਨਧਨ ਕੀ ਹਾਨ॥ ਪਰਮੇਸਰ ਪ੍ਰਿਅ ਪੂਤ ਢਿਗ ਆਈ ਹਰਖ ਅਮਾਨ॥੫॥ਚੌ:॥ ਸੁਨਹੁ ਤਾਤ ਇਕ ਕਰਹੁ ਬੇਨਤੀ॥ ਮੋਹਿ ਕਹਿਤ ਸਭ ਹੋਹੁ ਕਰ ਮਤੀ॥ ਕਾਰ ਲੈਨ ਹਿਤ ਭੇਜਿ ਪਯਾਰੇ॥ ਪੁਨ ਮਸੰਦ ਜਿਮ ਕਰਤ ਨਿਹਾਰੇ॥੬॥ ਬਿਧਿ ਪਰ ਪਿਤਾ ਚਲੋ ਮਹਾ ਸਾਮੀ॥ ਰਾਮ ਦਾਸ ਗੁਰ ਅੰਤਰ ਜਾਮੀ॥ ਤਬ ਕੀ ਚਲੀ ਮਸੰਦੀ ਆਈ॥ ਧਨ ਅਨ ਗਨ ਆਵਤ ਸੁਖਦਾਈ॥੭॥ ਜਿਨ ਜਿਨ ਕੀਨੋ ਤੋਰਜਿ ਆਨਾ॥ ਤਿਨ ਪਾਯੋ ਫਲ ਕਰਮ ਕਮਾਨਾ॥ ਅਬ ਪੁਨ ਕੁਝੂ ਗੁਰਮੁਖ ਸਿਖ ਭੇਜੀ॥ ਮੰਗਵਾਵਹੁ ਧਨ ਕਾਰਹਿ ਲੇਜੀ॥੮॥ ਪ੍ਰਥਮ ਖਜਾਨੌ ਸਿੰਘਨ ਹੇਤਾ॥ ਰਾਖਯੋ ਸਤਦ੍ਰਵ ਮਧਯਨਿਕੇਤਾ॥ ਬਸਨ ਬਿਭੂਖਨ ਸਭ ਤਹ ਧਰੇ॥ ਜਰੀ ਬਾਢਤੇ ਭਸਮਹਿ ਕਰੇ॥੯॥ ਬਾਇਸ ਕੋਟ ਗਯੋ ਇਹਿ ਭਾਂਤਾ॥ ਕਿਮ ਕਰ ਚਲਹਿ ਕਾਰ ਘਰ ਤਾਤਾ॥ ਸ੍ਰੀ ਮੁਖ ਕਹਯੋ ਕੋਪ[2] ਕਰ ਮਾਤਾ॥ ਗੁਰ ਘਰ ਧਨ ਕਰ ਲੋਭਨ ਨਾਤਾ॥੧੦॥ ਕਤ ਕਰ ਲੋਭ ਮੋਹਿ ਸਮਝਾਵਹੁ॥ ਕੰਚਨ ਮਾਟੀ ਤੁਲਯ ਬਤਾਵਹੁ॥ ਰਾਖਯ ਦਾਬ ਲਾਖ ਦ੍ਵੈ ਧਨ ਹੈ॥ ਤਾਹਿ ਕਰਹੁ ਖਰਚਨ ਬਿਧਿ ਬਨ ਹੈ॥੧੧॥ ਅਪਨੇ ਪੂਤ ਕਸਾਈ ਆਗੇ॥ ਕੋ ਕਰ ਸਕਹਿ ਮਾਤ ਮਿਤ ਮਾਗੇ॥ ਮੇਰੇ ਸਿੰਘ ਸੁ ਸੁਤਨ ਸਮਾਨਾ॥ ਏ ਮਸੰਦ ਤਿਨ ਬਧਿਕ[3] ਸਮਾਨਾ॥੧੨॥ ਸਿੰਘਨ ਲੰਗਰ ਦੇਤਨ ਮਾਤਾ॥ ਧਨ ਰਾਖਯੋ ਅਨਗਨ ਧਰਿ ਨਾਤਾ॥ ਤੁਰਕ ਲੂਟ ਧਨ ਸਭ ਲੈ ਜੈ ਹੈ॥ ਸਿੰਘਨ ਕਹਿ ਹਮ ਲੂਟ ਸਿਧੈ ਹੈ॥੧੩॥ਦੋ:॥ ਸੁਨ ਤਹਿ ਮਾਤਾ ਗੂਜਰੀ ਨੈਨਨ ਭਰ ਕਰ ਬਾਰ॥ ਬੋਲੀ ਬੇਟਾ ਮੈ ਕਹਤ ਨਿਜ ਕਹਿ ਮਾਤ ਨਿਹਾਰ॥੧੪॥ਚੌ:॥ ਦੀਓ ਸ੍ਰਾਪ ਅਨਥਾਨਹਿ ਹੋਨਾ॥ ਰਾਖਹੁ ਪੰਥ ਲਾਜ ਘਰ ਸੋਨਾ॥ ਸੁਤਹਿ ਮਨਾਇ ਬਹੁਰ ਘਰ ਆਈ॥ ਬੋਲੀ ਇਨ ਕਰ ਪ੍ਰਕ੍ਰਿਤ ਸਦਾਈ॥੧੫॥ ਹਾਨ ਲਾਭ ਧਨ ਗਨਨਹਿ ਕਰੈ॥ ਆਗਯ ਨਿਜ ਸਭ ਕੇ ਸਿਰ ਧਰੈ॥ ਇਨਕੇ ਪਿਤ ਹੂੰ ਮੋਸਨ ਕਹੀ॥ ਪਰਮ ਤੇਜ ਸ੍ਰੀ ਗੁਰੁ ਯਹ ਅਹੀ॥੧੬॥ ਏਕ ਬਾਰ ਬਾਲਕ ਬਯ ਮਾਹਿ॥ ਖੇਲਤ ਸਤ ਦ੍ਰਵ ਛੀਟਨ ਹਾਹੀ॥ ਰਾਇ ਗੁਲਾਮ ਸਯਾਮ ਸਿੰਘ ਸੰਗਾ॥ ਏਕ ਚਹੇ ਜਲ ਕੇ ਰਸ ਰੰਗਾ॥੧੭॥ ਕਰ ਕੰਕਨ[4] ਕੁਰਤੇ ਕਹਿ ਕਾਲਾ॥ ਜਲ ਮਹਿ ਗਿਰਯੋਨ ਲਈ ਸੰਭਾਲਾ॥ ਕਈ ਸਹੰਸ ਲਾਗਿਯੋ ਧਨ ਸੁੰਦਰ॥ ਮੈ ਤਬ ਪੂਛੀ ਹੇ ਗੁਨ ਮੰਦਰ॥੧੮॥ ਕਹ ਗਿਰ ਪਰਯੋ ਕਹਤ ਬਚ ਮੇਰੇ ਦੂਸਰ ਹੂ ਉਤਾਰਿ ਤਿਹ ਬੇਰੇ॥ ਕਰਕੋ ਕਰ ਬਲ ਦੂਰ ਚਲਾਯੋ॥ ਯਹ ਮੈ ਕਰਨ ਸਮਯ ਫਲ ਪਾਯੋ॥੧੯॥ ਯਹ ਦੁਸਟ ਜਨ ਮੋਹਿ ਸੰਤਾਵੈ॥ ਸਤਗੁਰ ਸੁਤ ਤੇ ਸਾਪ ਦਿਵਾਵੈ॥ ਯਾਕੇ ਬਚਨ ਅਨਥਯਾ ਨਾਹੀ॥ ਬੜੇ ਗੁਰਨ ਸਮਤੇਜ ਸਦਾਹੀਂ॥੨੦॥

ਸਾਖੀ॥੧੬੨॥ਦੋ:॥ ਦੁਸੁਟ ਪਹਾਰਿਨ[5] ਜਾਇ ਕਰ ਦਿਹਲੀ ਸੂਬੇ ਪਾਸ॥ ਸਤਗੁਰ

---

1. ਭੋਲੇ ਸੁਭਾਅ, 2. ਗੁੱਸੇ ਵਿਚ, 3. ਬੱਧ ਕਰਨ ਵਾਲੇ ਹੱਤਿਆਰੇ, 4. ਕੜੇ, 5. ਦੁਸ਼ਟ ਪਹਾੜੀਏ

ਕੀ ਨਿੰਦਯਾ ਕਰੀ ਧਰ ਕਰ ਛਲ ਬਿਸਾਸ॥੧॥ਚੋ:॥ ਸੂਬਾ ਸਾਹ ਸੁ ਆਗਯਾ ਲੀਨੀ॥ ਪਠ ਪਾਤੀ ਥਾਤੀ ਨਿਜ ਦੀਨੀ॥ ਸੈਦੇ ਖਾਂ ਉਮਰਾਉ ਪਠਾਯੋ॥ ਸਵਾ ਲਾਖ ਸੈਨਾਸੰਗ ਆਯੋ॥੨੨॥ ਉਤਰਯੋ ਆਨ ਥਨੇਸਰ ਜਬੈ॥ ਪਠੀ ਪ੍ਰਾਤ੍ਰਿ ਕਾ ਸਿਖਨੇ ਤਬੈ॥ [1]ਲੈ ਧਾਵਨ ਆਨੰਦਪੁਰ ਆਯੋ॥ ਅਰਧਨਿ ਸਾਮਹਿ ਗੁਰ ਨਿਕਾਯੋ॥੩॥ ਚੋਕੀਦਾਰਨ ਸੰਗ ਜਤਾਈ॥ ਸ੍ਰੀ ਪ੍ਰਭ ਲੀਨੋ ਬੇਗ ਬੁਲਾਈ॥ ਪੂਛੀ ਕੁਸਲ ਕੁਸਲ ਤਿਨ ਕਹੀ॥ ਮਹਾਰਾਜ ਬਿਨਤੀ ਇਕ ਅਹੀ॥੪॥ ਭੀਮ ਚੰਦ ਦੁਸਟ ਪਹਾਰੀ॥ ਸਵਾ ਲਾਖ ਸੰਗ ਸੈਨ ਸੰਭਾਰੀ ਮੁਗਲ ਪਠਾਨ ਜਿ ਬੜੇ ਲੜਾਕੇ॥ ਆਵਤ ਇਤ ਸਤਗੁਰ ਦਿਸ ਤਾਕੇ॥ ਲੇ ਸਭ ਪਤਾ ਥਨੇਸਰ ਮਾਹੀ॥ ਦੌਰਤ ਆਇ ਕਹੀ ਪ੍ਰਭ ਪਾਹੀ॥ ਆਗੈ ਰਾਉਰ ਜਥਾ ਰਜਾਇਸ॥ ਮੋਹੂ ਕੋ ਦੀਜੈ ਤਸ ਆਇਸ॥੬॥ ਧੀਰਜ ਦੈ ਤਿਹ ਅਤਿ ਹਰਖਾਯੋ॥ ਪ੍ਰਭ ਪ੍ਰਸੰਨ ਹ੍ਵੈ ਡੰਕ ਬਜਾਯੋ॥੭॥ ਬਜਤ ਭਯੋ ਰਣਜੀਤ ਨਗਾਰਾ॥ ਸਭ ਸੈਨਾ ਕੀ ਕਰੀ ਸੰਭਾਰਾ॥ ਰਹੇ ਪਾਚ ਸਤ ਸਿੰਘ ਸਿਪਾਹੀ॥ ਪੁਰਜਨ ਕੀ ਕਛੂ ਗਨਤੀ ਨਾਹੀ॥੮॥ ਸਵਾ ਲਾਖ ਸੰਗ ਲਰਨ ਉਮਾਹੇ॥ ਸਿੰਘ ਪਾਂਚ ਸਤ ਡਰ ਉਰ ਦਾਹੇ॥ ਬਜਤ ਨਗਾਰੇ ਪਾਖਰ ਪਾਈ॥ ਕਰ ਅਰਦਾਸਾ ਬਾਗ ਉਠਾਈ॥੯॥ ਪੁਰ ਬਾਹਰ ਅਹਿ ਨਿਰਖਲੋ ਆਏ॥ ਤੀਤਰ ਗੋਲ ਬਾਜ ਲਖ ਧਾਏ॥ ਹੁਮ ਹੁਮਾਇ ਇਤਮੈ ਸੈਨਾ॥ ਪਹੁਚੀ ਪਰਮ ਮਲੇਛੀ ਮੈਨਾ॥੧੦॥ ਸਵਾ ਲਾਖ ਸੁਨ ਗੁਨ ਉਰਮਾਹੀ॥ ਨੰਦ ਲਾਲ ਬੋਲਯੋ ਗੁਰ ਪਾਹੀ॥ ਨਾਥ ਆਪਨੀ ਕੁਮਤਿ ਸੁਨਾਊਂ॥ ਜਾਨਤ ਹੂੰ ਪੁਨ ਨੋਰ ਨਪਾਊਂ॥੧੧॥ ਸਿੰਘ ਪਾਂਚ ਸੈ ਸਵਾ ਲਾਖ ਅਗਿ॥ ਪਰਤੇ ਇਕ ਦੈ ਸੱਤ ਪਚਾਸ ਕਰ॥ ਬਾਰੂ ਗੋਰੀ ਸਰਹੂ ਨਾਹੀ॥ ਕੈਸੇ ਹੋਇ ਇਹ ਕਾਜ ਇਹਾਹੀਂ॥੧੨॥ ਏਕ ਬਾਨ ਸਤਗੁਰੁ ਤਕ ਮਾਰਾ॥ ਸਭ ਬਿਭੂਤ ਧਨ ਨਿਜ ਨਿਰਧਾਰਾ॥ ਸਸਤ੍ਰ ਬਸਤ੍ਰਸ ਸੈਨਾ ਅਰ ਬਾਹਨ॥ ਗੋਰੀ ਅਰ ਬਾਰੁਦ ਸੁ ਦਾਹਨ॥੧੩॥ ਇਕ ਇਕ ਤੁਰਕ ਸਿੰਘ ਦਸ ਹੇਰੇ॥ ਗਰਜਤ ਤਰਜਬਰ ਜਤਨੇਰੇ॥ ਨਿਰਖਹਿ ਕਹਾਂ ਸੀਸਬਿਨ ਖਰੇ॥ ਜੈਸਾ ਮੁਹਿ ਕਰਵਾਰਨਿ ਕਰੇ॥੧੪॥ਦੋ:॥ ਮੇਰਾ ਜੀ ਨ ਅਗਿਨਿਤ ਲਖ ਹਰਖੇਯੋ ਉਰ ਗਨ ਸਿੰਘ॥ ਪ੍ਰਭਤਾ ਕਾਰਨ ਕਰਨੀ ਸ੍ਰੀ ਗੁਰੂ ਗੋਬਿੰਦ ਸਿੰਘ॥੧੫॥ਚੋ:॥ ਤੁਰਕਨ ਦਲ ਇਤਨੇ ਮੈ ਆਯੋ॥ ਸੰਭ ਭੀਮ ਚੰਦ ਭੂਪ ਸਹਾਯੋ॥ ਕਰਤ ਸਲਾਹ ਸੰਗ ਉਮਰਾਉ॥ ਬੈਠਯੋ ਗਜ[1] ਪੈ ਮੱਤ ਸੁਭਾਉ॥੧੬॥ ਜਾਨਤ ਮਨਹੁ ਮਾਰੁ ਗੁਰ ਲੀਨਾ॥ ਭੂਪਤ ਉਰ ਕਛ ਪਰਤਨ ਚੀਨਾ॥ ਮੈਮੁ ਖਾ ਇਕ ਗੁਰੁ ਦਿਸ ਸੂਰਾ॥ ਆਯੋ ਸਨਮੁਖ ਸੁ ਗੁਰੂ ਸਰੂਰਾ॥੧੭॥ ਮਹਾਰਾਜ ਮੈ ਆਗਯਾ ਪਾਊਂ॥ ਨਮਕ ਹਲਾਲੀ ਕੈ ਦਿਖਰਾਊਂ॥ ਤੀਰ ਕਮਾਨ ਤਾਹਿ ਪ੍ਰਭੂ ਦੀਨੀ॥ ਆਗੇ ਲਰਬੇ ਆਇਸ ਕੀਨੀ॥੧੮॥ ਸੈਦ ਬੇਗ ਹੂੰ ਦਵੈ ਕਰ ਜੋਰੇ॥ ਜਿਨ ਗੁਰ ਲਖ ਸਭ ਸਸਤ੍ਰ ਛੋਰੇ॥ ਜਿਨ ਗੁਰੁ ਹਿਤ ਤੁਰਕਨ ਤਜ ਸੰਗਾ॥

---

1. ਹਾਥੀ

ਭਯੋ ਸਿਖ ਸੇਵਕ ਸਰਬੰਗਾ॥੧੯॥ ਆਇਸ ਲੇਤ ਨਿਰਖ ਗੁਰਰਾਈ॥ ਦੀਨੋ ਸਸਤ੍ਰ ਕਰਯੋ ਲਰ ਜਾਈ॥ ਦੋਊ ਓਰ ਭਏ ਮੁਕਾਬਲੇ॥ ਦੋਊ ਓਰ ਸਸਤ੍ਰ ਗਨ ਚਲੇ॥੨੦॥ ਛਪਯਾ॥ ਇਤ ਤੇ ਚਲੇਨਿਹੰਗ ਨਾਮ ਤਿਨ ਸੁਨਸ ਸੁਜਾਨਾ॥ ਸਯਾਮ ਸਿੰਘ ੧, ਰਣ ਸਿੰਘ ੨, ਬੀਰ ਸਿੰਘ ੩ ਅਤ ਬਲਵਾਨਾ॥ ਦਯਾ ਸਿੰਘ ੧੪ ਅਰ ਧਰਮ ਸਿੰਘ ੫ ਸਾਹਿਬ ਸਿੰਘ ਧਾਯੋ ੬॥ ਦੇਵਾ ਸਿੰਘ ੭ ਅਰ ਟੇਕ ਸਿੰਘ ੮ ਰਾਮ ਸਿੰਘ ੯ ਰਿਸਾਯੋ॥ ਮੁਹਕਮ ਸਿੰਘ ੧੦ ਧੰਨਾ ਸਿੰਘ ੧੧ ਚਲੇ ਹਰੀ ਸਿੰਘ ੧੨ ਰਣ ਬਾਕਰੇ॥ ਧਯਾਨ ਸਿੰਘ ੧੩ ਅਰੁ ਗਯਾਨ ਸਿੰਘ ੧੪ ਚਤੁਰ ਦਸਹੁ ਰੋਗ ਕਰੇ॥੨੧॥ ਉਤ ਤੇ ਚਲਯੋ ਹਯਾਤਖਾਨ ੧ ਨਾਹਰਖਾਂ ੨. ਸੂਰਾ॥ ਲੁਤਫੁਲਾ ੩ ਸਮਸਰੇ ਆਰਲੀ ੪ ਮਹਮਦਮ ੫ ਬਲਪੂਰਾ॥ ਖਾਨ ਹਯਾਤ ੬ ਹੁਸੈਨ ਬਖਸ ੭ ਅਰ ਮੀਰ ਮੁਹੰਮਦ ੮॥ ਚਲਯੋ ਬੇਗਹਾਰੀ ਚੰਦ ਸੰਗ ਜੋਧਾ ਅਸਹੁਮਦ॥ ਇਤ ਭਿਰਤ ਭੇਰ ਦੁਹੂੰ ਦਲਨ ਕੇ ਦਲਤ ਮਲਤ ਰਸ ਰੁਦ੍ਰ ਮੈ॥ ਬਢਿ ਸੈਦ ਬੰਗ ਮਾਰੀ ਤਬੈ ਤੇਗ ਨਿਰਖਿ ਬਲ ਛੁਦ੍ਰਮੈ॥੨੨॥ ਸਵਯਾ॥ ਸ੍ਰੀ ਹਰਿ ਚੰਦ ਮਿਆਂਹੂੰ ਚਲਯੋ ਇਤਤੇ ਚਲਯੋ ਬੇਗ ਕੈ ਬੰਗ ਸੁ ਸੈਦਾ॥ ਦੋਊ ਕੋ ਰਣਭੂਮ ਕੇ ਭੀਤਰ ਨਾਗ ਖਗੇਸ ਸਮਾਨ ਭੇ ਭੈਦਾ॥ ਕਾਢਿ ਕ੍ਰਿਪਾਨ ਕੀ ਸੈਦੇ ਦਈ ਕਟਿ ਸੀਸ ਕਯੋ ਜੁਹੋ ਜੁਧ ਮੈ ਜੈਦਾ॥ ਯੋਭਹ ਰਾਇ ਗਿਰਯੋ ਧਰਤੇ ਸਿਰ ਮਾਨੋ ਭਯੋ ਨਹੀ ਭੂਮਿ ਤੇ ਪੈਦਾ॥੨੪॥ਚੋ:॥ ਲਖ ਸਤਗੁਰ ਅਤਿ ਭਏ ਪ੍ਰਸਨ॥ ਸੈਦਾ ਭੇਗ ਮੁਗਲ ਤੂੰ ਧੰਨ॥ ਘਰ ਏਕ ਲਗ ਜੁਧ ਮਚਾਯੋ॥ ਦਾਉ ਆਉ ਕਰ ਸੈਠ ਚਲਾਯੋ॥੨੩॥ ਸਾਬੁਨ ਤਾਰ ਕਾਟ ਜਨ ਡਾਰਾ॥ ਜਰਾ ਸਿੰਧ ਜਿਮਿ ਭੀਮ ਸੰਘਾਰਾ॥੨੪॥ ਦੀਨ ਬੇਗ ਤੁਰਕਨ ਦਿਸ ਆਯੋ॥ ਸੈਦ ਬੇਗ ਸੰਗ ਬਚਨ ਅਲਾਯੋ॥ ਅਰੇ ਮਜਬ ਦ੍ਰੋਹੀ ਸੁ ਕੁਕਰਮੀ॥ ਕਾਕੇ ਸੰਗ ਭਯੋ ਬੇ ਧਰਮੀ॥੨੫॥ ਨਮਕ ਖਾਇ ਹਜ਼ਰਤ ਕੋ ਪਲਯੋ॥ ਜੰਗ ਸਮਯ ਸਤ੍ਰੂਨ ਦਿਸ ਮਿਲਯੋ॥ ਤੋਹਨ ਲਾਜ ਸੰਕ ਕਛੂ ਆਈ॥ ਦੀਨ ਮਜਬ ਕੀ ਜਾਨ ਲਰਾਈ॥੨੬॥ ਸੈਦ ਬੇਗ ਕਹਿ ਸੁਨ ਅਬ ਭਾਈ॥ ਕਤ ਵਲ ਕਤ ਉਪਦੇਸ ਬਤਾਈ॥ ਤਾਰਨ ਤਰਨ ਖੁਦਾਇ ਜੁ ਕਹਾ॥ ਸੁਇ ਗੁਬਿੰਦ ਸਿੰਘ ਨਿਹਚੈ ਲਹਾ॥੨੭॥ ਤ੍ਰੁਮ ਬੁਤ[1] ਪ੍ਰੂਜਕ ਬਚਨ ਪ੍ਰਮਾਨੀ॥ ਚਾਹਤੋ ਸਤਗੁਰੁ ਕੀ ਹਾਨੀ॥ ਸੁਰ ਨਰ ਅਸੁਰ ਨਾਗ ਜਗ ਜੇਤੇ॥ ਜੀਤ ਸਕਤਨਹਿ ਸਤਗੁਰੁ ਤੇਤੇ॥੨੮॥ ਅਸ ਕਹਿ ਲਾਗੇ ਕਰਨ ਸੰਗ੍ਰਾਮਾ॥ ਦੈ ਘਟਿ ਲਗਿ ਅਤਿ ਹੈ ਰਿਸਧਾਮਾ॥ ਸੈਫ ਸਫਾਈ ਅਪਨੀ ਕਰੈ॥ ਨਿਰਖਾਹਿ ਪ੍ਰਭੂ ਬਰਦਾਨ ਉਚਰੈ॥੨੯॥ਦੋ:॥ ਦੀਨ ਬੇਗ ਕੀ ਸੈਫ ਤਬ ਸਾਫ ਸੈਦ ਸਿਰ ਆਇਹ॥ ਇਕ ਦਵੈ ਕਰਕੈ ਛਿਨਕ ਮੈ ਸ੍ਰੋਨਤ ਕੁੰਡ ਨਹਾਇ॥੩੦॥ ਸੈਮੂ ਖਾਨ ਪਠਾਨ ਨੈ ਦੀਨ ਬੇਗ ਲਿਅ ਮਾਰ॥ ਬੋਲਉਠਯੋ ਮੁਖ

---

1. ਮੂਰਤੀਆਂ ਪੂਜਣ ਵਾਲੇ

ਹਰਖ ਭਰ ਵਾਹਗੁਰੂ ਜੈਕਾਰ॥੩੧॥ਸੋ:॥ ਪ੍ਰਭ ਸਨ ਪੂਛੀ ਆਇ ਕਹੀ.ਪ੍ਰਭੂ ਗੁਰੁ ਆਦਕੋ॥ ਹੋਯਹ ਸਿਖ ਸੁਭਾਇ ਵਲੀ ਕੰਧਾਰੀ ਮੁਕ ਅਬ॥੩੨॥

ਸਾਖੀ॥੧੬੩॥ ਝੂਲਨਾ॥ ਹੋਅਸਵਾਰ ਤਬ ਅਪਾਰ ਰਨ ਭੂਮ ਮੈ ਸਿੰਘ ਗੋਬਿੰਦ ਸਤਗੁਰੂ ਆਯੋ॥ ਜਹਾ ਪਛਤਾਤ ਉਮ ਦਾਤ ਅਕਲਾਤ ਅਤਿ ਸੈਦ ਖਾ ਸੂਰ ਸ੍ਦਾਰ ਧਾਯੋ॥ ਦਰਸ ਕਿਸਿ ਦੇਹ ਜਸ ਸੁਨਤ ਜਸ ਨਿਤ ਰਹਯੋ ਸੀਸ ਕਲਗੀ ਜਿਗਾ ਬਾਜ ਲੀਨੇ॥ ਤੁਰਕ ਤਨ ਤੇਹ ਪੁਨ ਸਮੁਹਿ ਆਯੋ ਲਰਨ ਮਹਾ ਪਾਤਕ ਲਖਤ ਕਰਹਿ ਬੀਨੇ ॥੧॥ ਪੁਨ ਕਹਤ ਚਿਤਏ ਮਿਤ ਬ੍ਰਿਤ. ਚਿਤ ਕੇ ਦੇਹਧਾਰੀਨ ਕੇ ਕਾਮ ਐਧੇ॥ ਸਤ੍ਰਤਾ ਮਿਤ੍ਰਤਾ ਭਿਤ੍ਰਤਾ ਹੋਤ ਹੈ ਸੰਤ ਮਨ ਮੰਤ ਨਹਿ ਲਖਤ ਤੈਸੇ॥ ਹੋਹਿ ਪੂਰਨ ਗੁਰੂ ਦੇਹਿ ਦੀਦਾਰ ਬੰਗਾਰ ਕਹ ਮੋਹਿ ਆਗੈ ਬੁਲਾਵੈ॥ ਫੇਰ ਜੋ ਹੋਇ ਸੋ ਹੋਇ ਸਾਚੀ ਸਹੀ ਕਹੀ ਯਹ ਜੀਵਨ ਕੀ ਜਾਨ ਜਾਵੈ॥੨॥ ਕਿਹਤ ਰਸ ਬਹੱਤਨਿਤ ਸੁਮਤਿ ਅੰਕਰ ਉਦਯੋ ਛੁਟਿਗੋ ਮੋਹ ਕੋ ਮਹਾਜਾਲਾ॥ ਜਨਮ ਜਨਮਾਤ੍ ਕੇ ਪਾਪ ਪਲ ਮੈ ਹਰੇ ਬਿਰਹ ਕੀ ਅਗਿਨ ਕੇ ਉਠਤ ਸਾਲਾ॥ ਜਾਨ ਜਨ ਜੀਅ ਕੀ ਬਿਥਾ ਕਰੁਨਾ ਕਰਨ ਤਰਨ ਤਾਰਨ ਤੁਰੰਗ[1] ਤਿਤਹ ਕੀਨੋ॥ ਖਾਨ ਸੈਦਾ ਭਯੋ ਕੌਨ ਸੈ ਦਾਤ ਸੈ ਮੁਝੈ ਪੈ ਦਾਦੁ ਨੀਨਾਹਿ ਚੀਨੋ॥੩॥ ਅਰੇ ਕਤ ਕਰਤ ਸੰਗ੍ਰਾਮ ਮਿਥਯਾ ਮਹਾ ਮਰਤ ਭਟ ਲਰਤ ਦੁਹੂੰ ਓਰ ਭਾਰੀ॥ ਆਇ ਕਰ ਆਇ ਸੁ ਮੁਹਾਇ ਮਮ ਸੰਗ ਜੋ ਅੰਗ ਰਾਖਤ ਕਛੁ ਜੰਗ ਕਾਰੀ॥ ਲਖਤ ਸੈਦਾ ਸੁਨਤ ਬਚਨ ਹਯ ਤੇ ਉਤਰ ਤੀਨ ਫਰਸੀ ਕਰੀ ਬੰਦਗੀ ਹੈ॥ ਭਯੋ ਉਨ ਮਤ ਮਦ ਮਤ ਬਾਵਰ ਜਥਾ ਛੋਰ ਕਰਨ ਕਰਮ ਕਸਫੰਦਗੀ॥੪॥ ਚਰਨ ਪ੍ਰਭੂ ਚੂੰਮਿ ਅਤਿ ਘੂਮਿ ਪੁਨ ਝੂਮਿ ਝੁਕ ਭੂਮਿ ਉਰ ਧੂਮਿ ਤਜ ਕੈ ਪਗਯੋ॥ ਭਯੋ ਉਹ ਗਯਾਨ ਪ੍ਰਹੰਸ ਬ੍ਰਿਤ ਧਯਾਨ ਧਰ ਜਾਇ ਬਨ ਕੰਦਰਾ ਫਲਨ ਖਾਯੋ॥ ਸੈਨ ਘਬਰਾਇ ਬਿਕਲਾਇ ਸੈਨਪਬਿ ਨਾਕ ਹੈ ਸਸਿ ਭੀਮ ਕਰਿ ਕਹਾਂ ਕੀ ਜੈ॥ ਇਤੈ ਕਛੁ ਅਕਥ ਹੈ ਕਥਾ ਮਤ ਜਥਾਨ ਹਿਤ ਬਾਕਹਿ ਅਥਾ ਬਿਲਗਾਇ ਲੀਜੈ॥੫॥

ਸਾਖੀ॥੧੬੪॥ ਖਾਨ ਰਮਜਾਨ[2] ਇਕ ਆਨ ਸਮੁਹਾਨ ਪੁਨ ਤਾਨ ਧਨੁ ਬਾਨ ਕਿਰਪਾਨ ਧਾਰੀ॥ ਖੜਾਰਹੁ ਜਾਤਕਤ ਮੋਹਨ ਡਾਰ ਕੈ ਸੈਦ ਖਾ ਕੀ ਕਰੀ ਖੂਬ ਖ੍ਵਾਰੀ॥ ਆਜ ਮੇਰੇ ਪਰਯੋ ਹਾਥ ਮੈ ਅਇ ਤੂੰ ਸਾਹ ਅਵਰੰਗ[3] ਕੋ ਸਤ੍ ਭਾਰੀ॥ ਬੂਝ ਅਬ ਆਚੱਤਰ ਵਾਰ ਕਾਰੀਗਰੀ ਕਹਤ ਇਸ ਸਾਦ ਤਿਨ ਵਾਰ ਡਾਰੀ॥੧॥ ਵਾਰ ਕੇਤੇ ਕੀਏ ਬਿਫਲ ਸਗਰੇ ਥੀਏ ਆਨ ਕੈ ਇਰਦ ਐ ਗਿਰਦ ਫੇਰਯੋ॥ ਜੀਵ ਕਤ ਸੀਵਈ ਸ੍ਰਰ ਕਰੈ ਤੁਲਯਾ ਭੂਲ ਭਾ ਆਪਨੀ ਆਪ ਟੇਰਯੋ॥ ਤਬੈ ਤਮਕਾਇ ਤਰ ਤੁਰਗ ਕਲਗੀਧਰਨ ਕਹਯੋ ਇਮ ਬਚਨ ਲੈ ਵਾਰ ਮੇਰੋ॥ ਬ੍ਰਿਥਾਹ ਬੋਲਤ ਖਰੋ ਡਰੋ ਜਨ ਜੰਗਤੇ ਤੁਰਕ

---

1. ਘੋੜਾ, 2. ਇਕ ਵਿਅੱਕਤੀ, 3. ਔਰੰਗਜ਼ੇਬ

ਜੁਰਨਾਸ ਕਰ ਮੋਹਿ ਹੇਰੋ॥੨॥ ਸਵੈਯਾ॥ ਚੋਖੋ ਸਰਾਸਨ ਤੇ ਕਢ ਤੀਰ ਗੰਭੀਰ ਗੁਰੂ ਧਨੁ ਉਪਰ ਰਾਖਾ॥ ਕਾਨ ਪ੍ਰਮਾਨ ਲੌ ਤਾਨ ਕਮਾਨ ਪਛਾਨ ਕੈ ਸਤ੍ਰ ਕੇ ਸੀਸ ਕੀ ਸਾਖਾ॥ ਛੋਰਤ ਹੀ ਛਹਰਯੋ ਠਹਰਯੋ ਨਹੀ ਲਾਗਤ ਹੀ ਗਿਰਯੋ ਬਿਲਜਯੋ ਭਾਖਾ॥ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਬਲੀ ਦੇਵਕਹੈ ਪਨ ਪੂਰਨ ਰਾਖਾ॥੩॥ਚੋ:॥ ਤਾਹਿ ਮਾਰ ਪੁਨ ਅਸ[1] ਕੁਦਾਯੋ॥ ਨਿਰਖਿ ਤੁਰਕ ਦਲ ਅਤਿ ਬਿਕਲਾਯੋ[2] ਸਫਲ ਕਰਨ ਉਰ ਸਭ ਭਾਉਨੀ॥ ਸਾਪਸ ਪੂਰਨ ਕਰ ਉਪਾਉਨੀ॥੪॥ ਪਾਛੇ ਘੇਰੋ ਕਰ ਕਰ ਚਲੇ॥ ਪੈਰ ਖਾਲਸੇ ਜੀ ਕੇ ਹਲੇ॥ ਭੀਮ ਚੰਦ ਹੱਲਾ ਕਰਵਾਯੋ॥ ਲੂੰਟਨ ਨਗਰ ਉਰ ਆਨੰਦ ਪਾਯੋ॥੫॥ ਜਹ ਧਨ ਗਨ ਮਾਤਾ ਜੀ ਧਰਾ॥ ਤੁਰਕਨ ਤੁਰਤ ਤਾਹਿ ਤਬ ਹਾਰਾ॥ ਸਿੰਘਨ ਕਹੀ ਕਹਾ ਕਛੁ ਕੀਯੋ ਹਾਰਜੀਤ ਕਰਯੋ ਦੁਖ ਦੀਯੋ॥੬॥ ਸ੍ਰੀ ਮੁਖ ਤੇ ਤਿਸਕਾਲਮੇ ਯਹ ਸਲੋਕ ਪੜਾ॥ ਸਲੋਕ ਮ:੧॥ ਭੈ ਵਿਚ ਪਉਨਬਹੈ ਸਦ ਵਾਉ॥ ਭੈ ਵਿਚ ਚਲਹਿ ਲਖ ਦਰਿਆਉ॥ ਭੈ ਵਿਚ ਸੂਰਜ ਭੈ ਵਿਚ ਚੰਦ॥ ਕੋਹ ਕਰੋੜੀ ਚਲਤ ਨ ਅੰਤ॥ ਭੈ ਵਿਚ ਸਿਧ ਬੁਧ ਸੁਰ ਨਾਥ॥ ਭੈ ਵਿਚ ਆਡਾਣੇ ਆਕਾਸ॥ ਭੈ ਵਿਚ ਅਗਿਨ ਕਢੈ ਬੇਗਾਰ॥ ਭੈ ਵਿਚ ਧਰਤੀ ਦਬੀ ਭਾਰ॥ ਭੈ ਵਿਚ ਇੰਦ ਫਿਰੈ ਸਿਰ ਭਾਰ॥ ਭੈ ਵਿਚ ਰਾਜਾ ਧਰਮ ਦੁਆਰ॥ ਭੈ ਵਿਚ ਜੋਧ ਮਹਾ ਬਲ ਸੂਰ॥ ਭੈ ਵਿਚ ਆਵਹਿ ਜਾਵਹਿ ਪੂਰ॥ ਸਗਲਯਾ ਭਉ ਲਿਖਿਆ ਸਿਰ ਲੇਖ॥ ਨਾਨਕ ਨਿਰਭੈ ਨਿਰੰਕਾਰ ਸਚ ਏਕ॥੧॥ ਸੁਨਹੁ ਖਾਲਸਾ ਜੀ ਚਿਤ ਲਾਈ॥ ਜਿਮਿ ਤੁਮ ਮਾਨਹੁ ਮੋਰ ਰਜਾਈ॥ ਹੋਹੂੰ ਤਥਾ ਵਾਹਗੁਰੂ ਭਾਨਾ॥ ਮਾਨਹੁ ਸੁਨਹੁ ਸੁਚੇਤ ਮਹਾਨਾ॥੭॥ ਪਾਹਾਰੀਨ ਕੋ ਜਤਨ ਸੋ ਸਫਲਾ॥ ਮਾਤ ਸਾਪ[3] ਬਚਨ ਸੋ ਮਿਲਾ॥ ਅਬ ਚਲ ਕਾਲ ਲੇਹ ਤੁਮ ਪਲਟਾ॥ ਰੈਨ ਬਿਤਾਵਹੁ ਭਜਨ ਮਨ ਜੁਟਾ॥੮॥ਦੋ:॥ ਪ੍ਰਾਤ ਭਏ ਸਿੰਘਨ ਕੀਓ ਤੁਰਕਨ ਦਲ ਸੰਘਾਰ॥ ਲੂਟ ਕੂਟ ਆਨੀ ਅਨਿਕ ਬਸਤ ਬਸਤ੍ਰ ਬ ਸੁ ਭਾਰ॥੯॥

ਸਾਖੀ॥੧੬੫॥ਚੋ:॥ ਜੇ ਤਹ ਮਰਬੇ ਤੇ ਬਚ ਰਹੇ॥ ਦਿਹਲੀ ਜਾਇ ਹਾਲ ਸਭ ਕਹੈ॥ ਪੁਨ ਅਵਰੰਗਜੇਬ[4] ਢਿਗ ਗਏ॥ ਸਗਰੀ ਬ੍ਰਿਥਾ ਸੁਨਾਵਤ ਭਏ॥੧॥ ਸਹਨ ਸਾਹ ਕਛੁ ਜਾਨਨ ਗਈ॥ ਗੁਰ ਗੋਬਿੰਦ ਸਿੰਘ ਬਲਨਿ ਪੁਨਈ॥ ਸੈਦ ਬੇਗ ਜੋ ਪਾਚਹ ਹਜ਼ਾਰੀ॥ ਭਯੋ ਮੁਰੀਦ ਪ੍ਰਥਮ ਸੋ ਭਾਰੀ॥੨॥ ਤਿਨ ਹਰਿ ਚੰਦ ਮੀਆ ਸੰਘਾਰਯੋ॥ ਦੀਨ ਬੇਗ ਪੁਨ ਸੈਦੋ ਮਾਰਯੋ॥ ਮੈਮੂ ਖਾਂ ਗੁਰ ਦਿਸ ਤੇ ਲਰਾ॥ ਅਧਿਕ ਉਮੰਡ ਘਮੰਡ ਸੁ ਕਰਾ॥੩॥ ਤਬਲੌ ਗੁਰ ਰਨ ਮੈ ਪ੍ਰਗਟਾਨਾ॥ ਸੈਦਾ ਖਾਨ ਭਯੋ ਮਸਤਾਨਾ॥ ਬਸਤ੍ਰ ਸਸਤ੍ਰ

---

1. ਘੋੜਾ,
2. ਘਬਰਾਇਓ,
3. ਸਰਾਪ,
4. ਔਰੰਗਜ਼ੇਬ

ਤਬ ਰਾਜ ਸਮਾਜਾ॥ ਚ੍ਹੂੰਮਤ ਕਦ ਮਗਯੋ ਤਜ ਲਾਜਾ॥੪॥ ਨਾ ਜਾਨੈ ਫਰੀਰ ਹੈ ਸੋਈ॥ ਕਿਤ ਦਿਸ ਗਯੋ ਭਯੋ ਕਸ ਹੋਈ॥ ਤਬ ਰਮਜਾਨ ਕੋਪ ਕਰ ਧਾਯੋ॥ ਗੋਬਿੰਦ ਸਿੰਘ ਕੋ ਮਾਰ ਗਿਰਾਯੋ॥੫॥ ਪੁਨ ਕਛ ਐਸੀ ਬਿਧਿ ਬਨ ਗਈ॥ ਲ੍ਹੂਟ ਅਨੰਦਪੁਰ ਨਗਰੀ ਲਈ॥ ਪ੍ਰਾਤ ਭਏ ਸਿੰਘਨ ਦਲ ਆਏ॥ ਹਮਰੋ ਧਨ ਸਭ ਲ੍ਹੂਟ ਸਿਧਾਏ॥੬॥ਦੋ:॥ ਸਤਕ ਪਾਚਸੈ ਸਿੰਘ ਸਭ ਸਵਾ ਲਾਖ ਤ੍ਹੁਰਕਾਨ॥ ਗਿਰੀ ਪਹਾਰੀ ਅਨਗਿਨਤ ਭਾਜੇ ਸਭ ਮੈਦਾਨ॥ਚੋ:॥ ਨੋਰੰਗ[1] ਸੁਨਤ ਅਧਕ ਰਿਸ[2] ਧਾਰੀ॥ ਇਨ ਮੇਰੀ ਸਭ ਬਨੀ ਬਿਗਾਰੀ॥ ਮਨਹੀ ਮਨ ਪਛਤਾਵਨ ਲਾਗਾ ਇਨ ਕੇ ਪਿਤ ਜਬ ਤੇ ਤਨ ਤਯਾਗਾ॥ ਤਬ ਤੇ ਮੈਹ੍ਹੂੰ ਦਿਲੀ ਤਜੀ॥ ਅਬ ਗੁਬਿੰਦ ਸਿੰਘ ਸੈਨਾ ਸਜੀ॥ ਸਭ ਮੰਤਰੀ ਇਕਤ੍ਰ ਤਬ ਕੀਨੇ॥ ਕਾਜੀ ਮੁਫਤੀ ਜਿਤੇ ਪ੍ਰਬੀਨੇ॥੯॥ ਪੁਨ ਭਗੁਲਸਾਨ ਪ੍ਹੂਛਨ ਲਾਗਾ॥ ਕਰਾ ਕਰਤ ਹਿੰਦ੍ਹੂ ਬੜਭਾਗਾ॥ ਫੈਜਲਬੰਦਾ ਮੁਰਸਿਦ ਪੀਰਾ॥ ਕੈਸੋ ਸ੍ਹੂਰ ਸਮ੍ਹਰਣ ਧੀਰਾ॥੧੦॥ ਲਘੁ ਬਯ ਬੀਰ ਬੜੋ ਧਨੁ ਪਾਨੀ॥ ਆਦਮ ਖਰਿਚ ਅਗਿਨਤ ਤਪ ਛਾਨੀ॥ ਜਿੰਦਾ ਖੀਰ ਬੜੋ ਸਰਦਾਰਾ॥ ਖਾਵਿੰਦਖਲਕ ਪੀਰ ਬਿਸਆਰਾ॥੧੧॥ ਕਹੀ ਕੀ ਕਰਹੁ ਮੰਤ੍ਰ ਕੁਸ ਕੀਜੈ॥ ਕਿਮ ਗੋਬਿੰਦ ਸਿੰਘ ਰਨ ਹਤ ਲੀਜੈ॥ ਸਵਾ ਲਾਖ ਸੇਨਾ ਭਜ ਗਈ॥ ਸੈਦੇ ਖਾਨ ਪਰਮ ਮਤ ਲਈ॥੧੨॥ ਜਾਦ੍ਹੂਗਰੀ ਜਾਨ ਭਲ ਭਾਤੀ॥ ਕਿਹਿ ਬਿਧਿ ਜੀਤਯ ਕਹਹੁ ਸੰਘਾਤੀ॥ ਕਾਜਿਨੁ ਕਹੀ ਭੇਜ ਪਰਵਾਨਾ॥ ਬੁਲਾਵਵਹੁਹੁ ਨਿਜ ਨਿਕਟ ਨਿਦਾਨਾ॥੧੩॥ ਸਮਝ ਪ੍ਰਥਮ ਕਰਤ੍ਹੂਤ ਬਿਭ੍ਹੂਤੀ॥ ਪੁਨਜਸ ਰੁਚਿ ਕਰਬ ਅਕ੍ਹੂਤੀ॥ ਲਿਖ ਪਰਵਾਨਾ ਮਾਨਸਯਾਰਾ॥ ਭੇਜਯੋ ਇਕ ਧਾਵਨ ਸਰਦਾਰਾ॥੧੪॥ ਕਬਿਤ॥ ਸਾਰਨ ਕੋ ਸਾਹ ਪਾਤਸਾਹ ਅਵਰੰਗ ਜੇਬ ਮੇਰੋ ਮਾਰਿਏ॥ ਸ੍ਰੀ ਗੁਬਿੰਦ ਸਿੰਘ ਨਾਤੋ ਐਹੋਵਾ ਪਠੈਹੋ ਪ੍ਹੂਤ ਜੇਤੀ ਕਰਾਮਾਤ ਸੋ ਭਰੋਸੋ ਨਾਹਿ ਪਰਿਏ॥ ਧਰਿਏ ਹਿਏ ਮੈ ਟੇਕ ਨੇਕ ਕੈ ਚਲਨ ਸਾਚੋ ਮਾਨ ਕੇ ਹੁਕਮ ਆਨ ਆਨ ਪਰ ਹਰਿਏ॥੧੫॥ ਕਹਾ ਭਯੋ ਮਾਰਯੋ ਜਮਤ੍ਹੂਲਾ ਔਰ ਕੇ ਸਰੀ ਕੋ ਮੈ ਡਾਹ੍ਹੂ ਸੰਘਾਰਯੋ ਕਛ੍ਹ ਗਨ ਤੀਨ ਜਾਨਿਏ॥ ਸੈਦਾ ਭੋ ਬਿਰਾਗੀ ਮਨੋ ਪੈਦਾ ਭੋ ਜਿਮੀ ਮੈ ਨਾਹਿ ਐਸੇ ਜੇ ਕਪ੍ਹੂਤ ਤਾਤੇ ਸ੍ਹੂਤ ਨਾਹਿ ਮਾਨਿਏ॥ ਮੈ ਹੋ ਅਵਰੰਗਜੇਬ ਪਾਤਸਾਹ ਦਿਹਲੀ ਸਮੇਰੀ ਹੀ ਚਢਾਈ ਤੇਹ ਹਲ ਭ੍ਹੂਮਿ ਜਾਨਿਏ॥ ਤਾਤੇ ਮਿਲ ਆਇਓ੍ਹਪ ਜਾਇ ਕੈ ਪਰਮ ਸੁਖ ਬੀਰਤਾ ਬਢਾਇ ਪਾਇ ਮਨਸਬ ਦਾਨਿਏ॥੧੬॥ਦੋ:॥ ਸੋ ਪਰਵਾਨੋ ਪਰ ਪ੍ਰਭ੍ਹੂ ਦੀਨ ਬੰਧੁ ਦਰਬਾਰ॥ ਲਿਖਵਾਯੋ ਉਤਰ ਸਰਸ ਸਿਰ ਪਾਉ ਸਰਦਾਰ॥੧੭॥ ਕਬਿਤ॥ ਤੋਹਿ ਮਾਲ ਮੁਲਕ ਗੁਮਾਨ ਅਵਰੰਗਜੇਬ ਮੇਰੋ ਏਕ ਆਸਰੋ ਅਕਾਲ ਗੁਰੂ ਵਾਹ ਹੈ॥ ਤੇਰੇ ਸੰਗ ਸੈਨਾਤਾਤੇ ਰਾਖਤ ਤ੍ਹੂੰ ਭੈ ਨਾ ਕਛ੍ਹ ਮੇਰ ਸੰਗ ਸੁੰਦਰ

---

1. ਔਰੰਗਜ਼ੇਬ,
2. ਕ੍ਰੋਧ

ਭਗਤਿ ਭਾਉ ਚਾਹ ਹੈ॥ ਭਨਤ ਸੁਮੇਰ ਸਿੰਘ ਤੇਰੀਐ ਅਨੀਤ ਹੇਰ ਭੇਜਯੋ ਮੋਹਿ ਦੈਨ ਦੀਨ ਹਿੰਦ ਕੀ ਪਨਾਹ ਹੈ॥ ਆਪਹੀ ਤੇ ਬਨਯੋ ਝੂਠਾ ਪਾਤਸਾਹ ਮੈਤੋ ਤਾਕੋ ਕੀਯੋ ਸ੍ਰੀ ਗੋਬਿੰਦ ਸਿੰਘ ਸਾਚੋ ਪਾਤਸਾਹ ਹੈ॥੧੮॥ ਆਇਬੇ ਔਜਾਇਬੇ ਮੈ ਹੈ ਨਹੀ ਗਿਲਾਨ ਕਛੂ ਜਾਪਨ ਨਾਹ ਜਾਨਿਏ ਜਰੂਰ ਕਾਜ ਨੀਕੇ ਹੈ॥ ਜੈਸੇ ਤੁਮ ਆਪਨੇ ਹੀ ਇੰਦ੍ਰਨ ਕੇ ਬਸ ਕਰੋ ਕਾਰਨ ਅਬ ਸਜ ਗਹਵਸ ਧਨੀ ਕੇ ਹੈ॥ ਸੁਨਹੁ ਸੁਮੇਰ ਸਿੰਘ ਸਾਚੀ ਹੈ ਕਹਤ ਹਮ ਸਾਹਿਬ ਕੇ ਬਸ ਨਿਰਜਸ ਸੁਬਨੀਕੇ ਹੈ॥ ਆਪ ਆਇ ਮੇਰੇ ਪਾਸ ਕੀਜੈ ਭਲੇ ਅਰਦਾਸ ਨਾਡਰ ਉਦਾਸ ਪ੍ਰਾਨਹਾਤਰ ਅਨੀਕੇ ਹੈਂ॥੧੯॥ ਹਿੰਦੂ ਔ ਅਹਿੰਦੂ ਹੈ ਮਾਨੈਂ ਦੂ ਏਕ ਜੀਅ ਜਾਨਏ ਕਹੀਕੇ ਦੋਊ ਏਕ ਭਾਤ ਹੀ ਪੈਦਾ ਹੈ॥ ਨਯਾਉ ਕਰਬੇਕੋ ਜਗ ਦੁਖਹ ਹਰਬੇ ਕੋ ਤੋਹਿ ਸਾਹ ਸਾਹ ਕੀਨੋ ਦੇਨ ਲਾਗਯੋ ਦੀਨ ਭੈਦਾ ਹੈ॥ ਤਾਹੀ ਤੇ ਰਿਸਾਇ ਨਿਰੰਕਾਰ ਗੁਰੂ ਨਾਨਕ ਨੈ ਭੇਜਯੋ ਮੋਹਿ ਤੁਰਕ ਤਰਨ ਤੇਜ ਮੈਦਾ ਹੈ॥ ਤੇਰੋ ਰੰਗ ਸੈਦਾ ਗਯੋ ਮਨ ਤੇ ਉਮੈਦਾ ਅਬ ਪੈਦਾ ਭਯੋ ਖਾਲਸਾ ਤੁਰਕ ਜੰਗ ਜੈਦਾ ਹੈ॥ਦੋ:॥ ਸ੍ਰੀ ਸਤਗੁਰੁ ਭੇ ਜਯੋ ਸੁ ਨਿਜ ਜਬਹੀ ਆਗਯਾ ਪਤ੍ਰ॥ ਪਾਤਸਾਹ ਪਢਤਹਿ ਜਰਯੋ ਜਥਾ ਜਰਤ ਸੁਖ ਪਤ੍ਰ॥੨੧॥

ਸਾਖੀ॥੧੬੬॥ ਲਾਵਨੀ ਛੰਦ॥ ਕਰ ਮਸਲਤ[1] ਸਭ ਰਾਜੇ ਤਬ ਚਲਿ ਆਏ॥ ਕਹਲੂਰੀ ਹੰਢੂਰੀ ਅਧਕ ਲਜਾਏ॥ ਦਿਹਲੀ ਆਇ ਪੁਕਾਰ ਕਰੀ ਸਭ ਰਾਜੇ॥ ਅਸ ਮੰਜਸ ਅਸਭਾਰੀ ਬਨਹਿ ਕਿਕਾਜੇ॥੧॥ ਸੂਬੇ ਹੂੰ ਪਛਤਾਇ ਇਹੈ ਠਹਰਾਈ॥ ਸਹਨਸਾਹ ਢਿਗ ਜਾਵਹੁ ਕਰਹੁ ਲੜਾਈ॥ ਰੂਬ ਕਾਰ ਲਿਖ ਅਰਜੀ ਸੰਗ ਨਥਾਈ॥ ਭੀਮ ਚੰਦ ਅਰ ਭੂਪ ਸੰਗ ਭਾਈ॥ ਕੋਲ[2] ਕੁੰਡ ਜੋ ਦਖਨ ਦਿਸ ਮਹਿ ਰਾਜੇ॥ ਜਹ ਅਵਰੰਗਜੇਬ[3] ਪਤਸਾਹ ਬਿਰਾਜੇ॥ ਜਾਇ ਪੁਕਾਰ ਕਰੀ ਦਰਬਾਰ ਬੁਲਾਏ॥ ਕਰ ਸਲਾਮ ਸਿਰਨਾਇਸ ਆਸਨ ਪਾਏ॥੩॥ ਬੈਠੇ ਰਾਜੇ ਰਾਣੇ ਰਾਉ ਸੁ ਮੀਆ॥ ਕਾਜੀ ਮੁਫਤੀ ਔਰ ਮੋਲਵੀ ਥੀਆਂ॥ ਪੂਛੀ ਅਵਰੰਗਜੇਬ ਬੈਰ ਕਿਮਿ ਕੀਨਾ॥ ਤੁਮ ਹਿੰਦੂ ਅਰ ਗੁਰੁ ਹੂੰ ਹਿੰਦੂ ਚੀਨਾ॥੪॥ ਤੁਮਰੀ ਮਦਤ ਕਰਤ ਰਹਤ ਨਿਤਪ੍ਰਤਿ ਜਬ॥ ਫਿਰ ਤਾਪਰ ਫਰਿਆਦ ਕਹਹੁ ਯਹ ਮਤ ਸਬ॥ ਆਇਸ ਲੈ ਰੁਖ ਪਾਇ ਕਹੀ ਕਰਤੂਤੀ॥ ਸਹਨ ਸਾਹ ਸ੍ਰੀ ਜਾਪਨਾਹੀ ਅਕੂਤੀ॥੫॥ ਇਨ ਕੇ ਦਾਤਾ ਆਇ ਨਗਰ ਇਕ ਕੀਨੋ॥ ਨਾਮਪੁਰੀ ਕੀਰ ਸੁਤਤਾਸ ਧਰ ਦੀਨੋ॥ ਤਿਨ ਤਨ ਤਜ ਪੁਨ ਪੋਤ੍ਰ ਪਾਇ ਗੁਰਗਾਦੀ॥ ਤਿਨਕੇ ਸੁਤ ਪੁਨ ਹਰੀ ਕ੍ਰਿਸਨ ਅਬਿਖਾਦੀ॥੬॥ ਤਿਨਤੇ ਇਨਕੇ ਪਿਤ ਗੁਰੁ ਤੇਗ ਬਹਾਦਰ॥ ਬੈਠੇ ਸਾਇਸੁ

---

1. ਸਲਾਹ, ਮਸ਼ਵਰਾ,
2. ਗੋਲ ਕੁੰਡਾ,
3. ਔਰੰਗਜ਼ੇਬ

ਇਤਹਿ ਮਿਲ ਹਮਸਾਦਰ॥ ਮੋਲ ਜਿਮੀ ਲੈਨਗਰੀ ਅਪਨ ਬਸਾਈ॥ ਪੁਨ ਪਟਨੇ ਮੈ ਭਯੋ ਜਾਨਯਇਨ ਆਈ॥੭॥ ਜਾ ਪਨਾਹ ਇਨ ਜਬਤੇ ਗਾਦੀ ਪਾਈ॥ ਪਿਤਾ ਬੈਰ ਕਰ ਚਾਹਤ ਕਰੀ ਲਰਾਈ॥ ਰੋਕਤੇ ਟੋਕਤ ਰਹੇ ਲਰ ਤਨਿ ਸੰਗਾ॥ ਨਾਹਨ ਮਾਹਿ ਭੰਗਾਨੀ ਭਾਬੜ ਜੰਗਾ॥੮॥ ਪੁਨ ਅਨੰਦਪੁਰ ਦਸ ਹਜਾਰ ਲੈ ਸੈਨਾ॥ ਸਾਹੀ ਕੀਰਜ ਧਾਨੀ ਕੀ ਸੁ ਗਿਨੈ ਨਾ॥ ਸੋਊ ਮਾਰਿ ਭਜਾਇ ਚਿਤ ਪੁਨ ਆਈ॥ ਪ੍ਰਗਟ ਕਰੀ ਪੁਨ ਅਗਿਨ ਕੁੰਡ ਤੈ ਮਾਈ[1]॥੯॥ ਤਬ ਤਿਨ ਦੀਨੀ ਖੜਗ ਤੇਜ ਅਤਿ ਧਾਰੀ॥ ਹਮਸਨ ਕਹੀ ਕਿ ਬਨਹੁ ਸਿੰਘ ਅਰਿ ਮਾਰੀ॥ ਚਵਗਤਨਕੀ[2] ਜਰ[3] ਉਜਾਰ[4] ਸਭ ਦੈ ਹੋ॥ ਇਨ ਅਨੀਤ ਅਤਿ ਕਰੀ ਰਾਜ ਤੁਹਿ ਕੈਹੋ॥੧੦॥ ਹਮ ਤਬ ਬਰਜਨ ਕੀਨਾਹਨਨ ਤਬ ਲਾਗੋ॥ ਜੇਰ ਦਸਤ ਹੂ ਔਰ ਸਿਰੰਦੀ ਭਾਗੋ॥ ਸੈਦਾ ਬੇਗ ਸਿਖ ਹ੍ਵੈ ਕਰ ਪਗ ਲਾਗਾ॥ ਸੈਦਾਂ ਬਨ ਕਰ ਪਰਮਹੰਸ ਕਹੁ ਭਾਗਾ॥੧੧॥ ਅਸ ਗੁਰਤਾਕੀ ਗਤੀ ਜਾਨ ਨਹਿ ਜਾਈ॥ ਇਕੋਲੋ ਕਰ ਸਕ ਜੰਗ ਲਾਖਨਰ ਰਾਈ॥ ਉਜਰਯੋ ਦੇਸ ਅਪਾਰ ਪੁਕਾਰ ਪੁਕਾਰੀ॥ ਹਮ ਕਦੀਮ ਪਾ ਖਾਕ ਜੁ ਕਰਹੁ ਸੁਚਾਰੀ॥੧੨॥

ਸਾਖੀ॥੧੬੭॥ ਰਿਸੋਯੋ[5] ਸਾਹ ਤਬ ਖਿਸਯੋ[6] ਮਨਹਿ ਪਛਤਾਯੋ॥ ਅੰਤ ਹੋਨ ਕੋ ਅੰਤ ਅਲਾਹ ਬਨਾਯੋ॥ ਜਾ ਪਨਾਹ ਅਬ ਗਹਯੋ ਗੁਰੂ ਨਹਿ ਜੈ ਹੈਂ॥ ਅਰੁ ਲਾਖ ਪਚਾਸ ਹਜਾਰ ਕੀਨ ਕਛੂ ਹ੍ਵੈ ਹੈ॥੧॥ ਸਰਬ ਭਾਂਤ ਤੇ ਜੋਰ ਦੇਇ ਇਕ ਬਾਰਾ॥ ਕਰਿਐ ਜੰਗ ਉਮੰਗ ਅਨੰਤ ਪ੍ਰਕਾਰਾ॥ ਪਾਛੇ ਹੋਲੀ ਹੋਇ ਸੁ ਹੋਇ ਨ ਜਾਨੈ॥ ਬਿਦਯਾ ਸਰਮੈ ਨਿਪੁਨ ਗੁਰਹਿ ਜੀ ਜਾਨੈ॥੨॥ ਲਿਖ ਦੀਨੇ ਪਰਵਾਨੇ ਸਾਹ ਰਿਸਾਈ॥ ਸੂਬੇ ਤੀਨਹੁ ਪਰੇ ਗੁਰੂ ਪਰ ਧਾਈ॥ ਦਿਹਲੀ ਅਰ ਲਾਹੌਰ ਤਥਾ ਸਿਰਹਿੰਦੀ॥ ਨਿਜ ਨਿਜ ਸੈਨਾ ਸੰਗ ਨਰੇਸ ਬਿਲੰਦੀ॥੩॥ ਲਲਿਤ ਪਦ ਛੰਦ॥ ਲੈ ਪਰਵਾਨੌ ਸੀਸਧਰਸ ਕਰ ਕਰ ਸਲਾਮ ਨ੍ਰਿਪ ਆਏ॥ ਦਿਹਲੀ ਕੇ ਸੂਬੇ ਢਿਗ ਪਹੁਚੇ ਸਰਬ ਬ੍ਰਿਤੰਤ ਸੁਨਾਏ॥ ਤਿਨਹੂੰ ਪੂਛੀ ਬੈਰ ਕਹਾਨੀ ਯਹ ਹਿੰਦੁਨ ਗੁਰ ਭਾਰੀ॥ ਤੁਮ ਹੂੰ ਹਿੰਦ ਹੋਇ ਨ੍ਰਿਪਤਿ ਕਿਮਿ ਗੁਰ ਸਨ ਲੀਨ ਬਿਗਾਰੀ॥੪॥ ਕਹੀ ਭੀਸ ਸਸਿ ਹਮਸੋ ਗੁਰ ਸੋ ਔਰ ਬੈਰ ਨਹਿ ਕੋਈ॥ ਕਹਹਿ ਗੁਰੂ ਜੀ ਮਾਰਹੁ ਤੁਰਕਨ ਲੇਹੁ ਰਾਜ ਘਰ ਸੋਈ॥ ਹਮ ਯਹ ਕਹਹਿ ਕਦੀਮਸਾਹ ਕੇ ਘਰ ਕੇ

---

1. ਦੇਵ ਆਦਿ ਸ਼ਕਤੀ,
2. ਚੋਗੱਤਿ ਮੁਗ਼ਲ,
3. ਜੜ੍ਹ,
4. ਉਜਾੜ ਦੇਣਾ,
5. ਕ੍ਰੋਧ,
6. ਸ਼ਰਮਿੰਦਾ

ਹੈ ਹਮ ਪਾਲੇ॥ ਰੈਯਤ ਹੋਇ ਕਰਹਿਨ ਲਗਈ॥ ਇਤਨੋ ਕਸ[1] ਬਿਸਾਲੇ॥੫॥ ਯਾਹੀ ਬਾਤ ਬਿਰੋਧ ਧਾਰਤਬ ਕਹਤ ਤੁਮਹੁ ਗਹਿ ਮਾਰੋ॥ ਦੇਸ ਉਜਾਰ ਸਕਲ ਕਰ ਦੀਨੋ ਇਤੀ ਬਾਤ ਸੁ ਬਿਗਾਰੋ॥ ਆਜ ਜਾਇ ਹਮ ਚਰਨ ਪਰੈ ਪੁਨ ਉਰ ਬਿਰੋਧ ਗੁਰੁ ਨਾਹੀ॥ ਪੈ ਹਮਤੇ ਬਨ ਸਕਤ ਨ ਕਬਹੂੰ ਹਜਰਤ ਅਨ ਹਿਤ ਚਾਹੀ॥੬॥ ਸਤਯ ਸਤਯ ਕਹਿ ਭਯੋ ਤਯਾਰ ਤਬ ਸੂਬਾ ਗਰਜਾ॥ ਜਬਰ ਦਸਤ ਲਹੌਰ ਕੇ ਸੂਬੇ ਲਖ ਪਰਵਾਨੋ ਸਰਜਾ॥ ਸਿਰਹੰਦੀ ਹੂੰ ਕਰੀ ਤਯਾਰੀ ਦਲ ਬਾਦਲ ਉਮਡਾਨਾ॥ ਦਿਹਲੀ ਕੇ ਸਿਖਨ ਸਭ ਸਮਝਯੋ ਲਿਖਯੋ ਬਿਨਯਸ ਵਧਾਨਾ॥੭॥ ਭੀਮ ਚੰਦ ਹੂ ਗਿਰਿਨ ਸਿਧਾਰਯੋ ਪਤ੍ਰੀ ਸਭਨਿ ਭਿਜਾਈ॥ ਬਾਇਸਧਾਰਨ ਕੇ ਰਾਜਾ ਕੀ ਸੈਨਾ ਸਭ ਅਨਵਾਈ॥ ਇਤ ਧਾਵਨ ਸਿਖਨ ਕੀ ਪਾਤੀ ਲੈ ਅਨੰਦਪੁਰ ਆਯੋ॥ ਪਠੀ ਪ੍ਰਭੂ ਤਬਹੀ ਹਰਖਾਨੇ ਪੰਥਹਿ ਪ੍ਰਗਟ ਸੁਨਾਯੋ॥੮॥ ਤਾਮੈ ਲਿਖਸੋ ਪੋਨ ਸੁਤ ਸਿੰਧ ਜਜਮ ਦਿਸ ਕੀਨ ਪਯਾਨਾ॥ ਤਹਿ ਇਕ ਰਹਤ ਨ੍ਰਿਪਤ ਬਲਵਾਰੋ ਜਿਹ ਸਮ ਨਹਿ ਜਗਆਨਾ॥ ਦੁਨੀਆਂ ਗੀਰ ਨਾਮ ਹੈ ਤਾਕੋ ਤਯੈ ਜਾਇ ਪੁਕਾਰੇ॥ ਜਿਨ ਅਪਨੇ ਮਨਸੂਬੇ ਕਰ ਤੈ ਸੂਬੇ ਅਬ ਲਲਕਾਰੇ॥੯॥ ਸਾਝ ਸਕਾਰੇ ਆਇ ਦਰਸ ਕਰ ਪੂਰ ਮਨੋਰਥ ਕੈਹੈ॥ ਦਾਨ ਮਾਨ ਸਿਰਪਾਉ ਪਾਇਅੁਨ ਅਪਨੇ ਘਰਨ[2] ਸਿਧੈ ਹੈਂ॥ ਇਹਿ ਬਿਧਿ ਪਢੀ[3] ਕੂਟ ਲਿਖ ਭੇਜੀ ਮਹਾਰਾਜ ਸਮਝਾਈ॥ ਭੀਮ ਚੰਦ ਹਮਰੇ ਪਰਜਾ ਕਰ ਅਵਰੰਗ[4] ਪਾਸ ਬੁਰਾਈ॥੧੦॥ ਤਬ ਦਿਹਲੀ ਲਹੌਰ ਸਿਰਹੰਦੀ ਸੂਬੇ ਤੀਨ ਸਿਧਾਰੇ॥ ਮਹਾ ਘੋਰ ਘਮਸਾਨ[5] ਮਚੈਗੋ ਹੋਹੁ ਸੁਚੇਤ ਸਕਾਰੇ॥ ਅਸਕਹਿ ਦੀਨਬੰਧ ਕਰਨਾ ਨਿਧਿ ਦਏ ਸਸਤ੍ਰ ਸੁਖ ਸਾਨੇ॥ ਸਿਰਹੰਦੀ, ਲਾਹੌਰ ਕੇ ਸਿਖਨ ਧਾਵਨ ਪਠੇ ਅਪਾਨੇ॥੧੧॥ ਤਿੰਨਹੂੰ ਕਰੀ ਕੂਟ ਅਰ ਪਾਤੀ ਲਿਖੀ ਭਲੇਹਿ ਭਿ ਜਾਈ॥ ਸਭ ਪ੍ਰਕਾਰ ਸੋ ਦੀਨ ਦਯਾਰ ਕੋ ਅਭਿ ਮਤ ਤੁਰਕ ਬਤਾਈ॥ ਜੰਗ ਸਮਾਨ ਪਛਾਨ ਗੁਰੂ ਜੀ ਕੀਨੀ ਨਿਜ ਤਕਰਾਈਂ॥ ਜਾ ਕੀ ਕਾਹੂ ਨਾਹਿ ਨ ਪਾਈ ਗਤਿ ਮਿਤ ਅਬ ਮਤਿ ਭਾਈ॥੧੨॥

ਸਾਖੀ॥੧੬੮॥ਚੌ:॥ ਦੀਪ ਮਾਲ ਕੋ ਮੇਲਾ ਆਯੋ॥ ਸਭ ਸੰਗਤ ਗੁਰ ਦਰਸਨ ਪਾਯੋ॥ ਦੇਸ ਦੇਸ ਸਿਖ ਸੁ ਆਏ॥ ਭੇਟਾ ਭਾਂਤ ਭਾਂਤ ਕੀ ਲਯਾਏ॥੧॥ ਸੁਨ ਸਤਗੁਰ ਘਰ ਜੰਗ ਅਖਾਰਾ॥ ਹਰਿਖਿਤ ਭਏ ਸੂਰ ਸਰਦਾਰਾ॥ ਬਹੁਤਕ ਰਹੇ ਗਏ ਬਹੁ ਘਰ ਕੋ॥

---

1. ਕਸ਼ਟ, ਦੁੱਖ,
2. ਘਰਾਂ ਨੂੰ,
3. ਪੜ੍ਹੀ,
4. ਔਰੰਗਜ਼ੇਬ,
5. ਭਿਆਨਕ ਯੁੱਧ

ਸਿਰੇ ਪਾਉ ਲੈ ਲੈ ਗੁਰੁ ਬਰ ਕੋ॥੨॥ ਜਹ ਜਹ ਰਹੇ ਸਿੰਘ ਬੜ ਸੂਰੇ॥ ਪਠੇ ਹੁਕਮ ਨਾਮੇ ਪ੍ਰਭ ਰੂਰੇ॥ ਤਾ ਮਹਿ ਲਿਖੀ ਮੁਕਤ ਦਰ ਖੁਲਾ॥ ਆਵਹੁ ਲੇਹੁ ਜਾਹਿ ਜਿਅ ਚਲਾ॥੩॥ ਰਾਮ ਸਿੰਘ ਅਰ ਸਿੰਘ ਤਿਲੋਕਾ॥ ਫੂਲਤਨ ਯਬੈਗਰ ਅਸੋਕਾ॥ ਲਿਖੇ ਹੁਕਮਨਾਮੇ ਤਿਨ ਓਰਾ॥ ਇਤਯਾਦਿਕ ਅਗਨਿਤ ਕਰ ਗੋਰਾ॥੪॥ ਇਕ ਦਿਲ ਸਰਬ ਸਭਾ ਸੁ ਲਗਾਈ॥ ਉਪਦੇਸਯੋ ਸ੍ਰੀ ਅਨੰਦ ਪੁਰ ਰਾਈ॥ ਮੁਕਤ ਹੋਨ ਕੇ ਤੀਨ ਪ੍ਰਕਾਰਾ॥ ਸੁਨਹੁ ਖਾਲਸਾ ਜੀ ਸਰਦਾਰਾ॥ ਕੈਕਰ ਗਯਾਨ ਤਰੈ ਭਵ ਪੰਥਾ॥ ਕੈ ਕਰ ਪ੍ਰੇਮ ਤਰੈ ਨਿਧਿ ਮੰਥਾ॥ ਨਾ ਤਰ ਖਗੜ ਛੇਤ੍ਰ ਮਹਿ ਜਾਈ॥ ਤਜੈ ਪ੍ਰਾਨ ਸਾਮੁਹਿ[1] ਨ ਲਜਾਈ॥੬॥ ਤਾਹਿ ਮੁਕਤ ਹਰ ਹਾਲਤ ਮਾਈ॥ ਸੁਨਹੁ ਖਾਲਸਾ ਜੀ ਸਕ ਨਾਹੀ॥ ਛਤ੍ਰ ਪੰਥ ਯਹ ਅਸ ਧੁਜ ਕੀਨਾ॥ ਮਾਤਾ ਮਹਾ ਕਾਲਿਕਾ[2] ਦੀਨਾ॥੭॥ ਛਤ੍ਰ ਧਰਮ ਮਹਿ ਯਹਿ ਕਠਨਾਈ॥ ਸਮਰ ਸੂਰ ਨਹਿ ਸਕਤ ਪਲਾਈ॥ ਸਾਮੁਹਿ ਪ੍ਰਾਨ ਦੇਤ ਜੋ ਜਾਈ॥ ਸੋ ਪਾਵਨ ਸੁਰ ਪੁਰ ਬੜਿਆਈ॥੮॥ ਜੋ ਦੇਵਨ ਕੋ ਛਲ ਛਲ ਗਯੋ॥ ਮੰਡਲ ਸੂਰ ਭੇਦ ਮਗ ਲਯੋ॥ ਫਸਯੋ ਦੇਵਕਨ ਜਨ ਕੇ ਮਾਂਹੀ॥ ਭੋਗਤ ਸੁਰਗ ਸੋਇ ਸਕ ਨਾਹੀ॥੯॥ ਕ੍ਰਿਸਨ ਚੰਦ ਅਰਜੁਨ ਲਖ ਡਰਾ॥ ਜੁਧ ਸਮੈ ਗੀਤਾ ਬਚ ਰਾ॥ ਸੁ ਧਰਮ ਹਿਤ ਸਭ ਬਿਧਿ ਸਮਝਾਯੋ॥ ਅਰਜਨ ਕੋ ਸੰਤਾਪ ਮਿਟਾਯੋ॥੧੦॥ ਸਿੰਘਨ ਕਹੀ ਅਹੈ ਕਸ ਗੀਤਾ॥ ਕਾ ਉਪਦੇਸ ਕਿਸਨ ਪ੍ਰਭ ਕੀਤਾ॥ ਜੋ ਜਗ ਤਾਰਨ ਹਿਤ ਹਰਿ ਆਯੋ॥ ਤਿਹ ਉਪਦੇਸ ਸੁਨਨ ਮਨ ਭਾਯੋ॥੧੧॥ ਗੋਬਿੰਦ ਗੀਤਾ ਤਹਾ ਸੁਨਾਈ॥ ਕਰੀ ਖਾਲਸਾ ਮੱਧਯ ਬਡਾਈ॥ ਸਿੰਘਨ ਕੇ ਸੰਦੇਹ ਮਿਟਾਏ॥ ਜੁਧ ਧਰਮ ਸਭ ਭਾਤਿ ਦ੍ਰਿਢਾਏ॥੧੨॥

ਸਾਖੀ॥੧੬੯॥ ਇਤਿ ਸ੍ਰੀ ਗੁਰੂ ਪ੍ਰੇਮ ਪ੍ਰਕਾਸ਼ ਸ੍ਰੀ ਗੁਰ ਚਤੁਰਥ ਖੰਡਾਤਰ ਤਸੀ ਦਸਮ ਮੰਡਲ ਉਤ੍ਰਾਰਧੇ ਸਵਾ ਲਾਖ ਸੈਨਾ ਜੁਧ ਬਿਜਯ ਬਰਨਨਾਤਮਕਚਤੁਰ ਬਿੰਸਤਿਮੀ ਪ੍ਰਾਤ:॥੨੪॥ਦੋ:॥ ਸੂਬਾ ਚਢਯੋ ਸਿਰੰਦ ਕੋ ਅਮਿਤ ਸੈਨ ਲੈ ਸੰਗ॥ ਸ੍ਰੀ ਗੁਰੂ ਗੋਬਿੰਦ ਸਿੰਘ ਸੋ ਚਾਹਤ ਜਯ ਕਰ ਜੰਗ॥੧॥ ਚਲੇ ਨਗਾਰੇ ਸਾਢੇ ਚਾਰ ਸੈ ਤਿਤਨੇ ਚਲੇ ਨਿਸਾਨਾ॥ ਅਪਰ ਸੈਨ ਕੀ ਗਨਤੀ ਨਾਹੀ ਚਲੇ ਤੁਰਕ ਖਲਖਾਨਾ॥ ਭਾਂਤ ਭਾਂਤ ਕੇ ਬਾਜਨ ਬਾਜੇ ਤੁਰਹੀ ਅਰਸਹਨਾਈ॥ ਬੀਨ ਮ੍ਰਿਦੰਗ ਉਪੰਗ ਮੁਚੰ ਗਨ ਮੁਰਲੀ ਕੀ ਝਰਲਾਈ॥੨॥ ਤਿਤਨੇ ਹੀ ਲਹੌਰ ਤੇ ਆਈ ਜਬਰਦਸਤ ਸੰਗ ਸੈਨਾ॥ ਗਿਨਤੀ ਕਰੀ ਨ ਨਾ ਗਾਰਨ ਹੀ ਕੀ ਸਾਡੇ ਚਾਰ ਸਤੈਨਾ॥ ਘੋਰਨ ਕੀ ਹਿਹਨਾਟ ਸੁਨ ਘਬਰਾਹਟ ਉਰ ਉਪਜਾਵੈ॥ ਤੋਪ ਜੰਬੂਰੇ ਔਰ ਰਹਕਲੇ ਸਸਤ੍ਰ ਗਣਤ ਨ ਆਵੈ॥੩॥ ਰਾਜੇ ਚਲੇ ਹਜ਼ੂਰ ਕਲੂਰੀ ਮਦ੍ਰਣੀਏ ਸੁ ਦੜੋਲੀ॥ ਚੰਬਲੀ ਅਰ ਗੁਲੇਰੀਏ ਆਏ ਜਸਵਾਰੀ ਮਤ

---

1. ਸਾਹਮਣੇ,
2. ਆਦਿ ਸ਼ਕਤੀ

ਹੋਲੀ॥ ਸਰਮੋਰ ਅਰੁ ਬਿਝੜਵਾਲ ਜਮਯਾਲ ਔਰ ਸੋ ਕਟੋਚੀ॥[1]

ਅਗਿਨਤ ਰਾਜੇ ਧਾਏ ਆਏ ਜਿਨ ਜਿਨ ਕੀ ਪਤਿ ਪੋਚੀ॥੪॥ ਦਸ ਸਹੰਸ੍ਰ ਕੁਉ ਬੀਸ ਬਹੰਸ੍ਰ ਤੀਸ ਚਲੀਸ ਕਿਤੇਕਾ॥ ਉਤਰੇ ਇਤ ਉਤ ਦਲ ਕਰ ਦਲ ਬਲ ਮਿਲ ਮਿਲ ਮਿਸਲ ਸਮੇਤਾ॥ ਏਕ ਓਰ ਗਿਰ ਪਤਿ ਕੀ ਸੈਨਾ ਏਕ ਓਰ ਲਹੌਰੀ॥ ਏਕ ਓਰ ਸਿਰਹੰਦੀ ਉਤਰੇ ਏਕ ਓਰ ਗਿਰ ਜੋਰੀ॥੫॥ ਸ੍ਰੀ ਸਤਗੁਰੁ ਹੂੰ ਅਪਨੀ ਦਿਸਕੇ ਸਿੰਘ ਸਮੂਹ ਸੰਭਾਰੇ॥ ਸ੍ਰੀ ਅਜੀਤ ਸਿੰਘ ਸਾਹਿਬਜਾਦੇਸੰਗ ਪੰਚ ਸੈ ਸਵਾਰੇ॥ ਸ੍ਰੀ ਗਢ ਕੇਸ[2] ਰਹੇ ਰਖਵਾਰੇ ਕਿਰਤਾਰਥ ਕਰ ਨਗਰੀ॥ ਨਾਹਰ ਸਿੰਘ ਸੇਰ ਸਿੰਘ ਰਾਗੇ ਲੋਹ ਗਢੀ[3] ਕੀ ਤਗਰੀ॥੬॥ ਤਿਨਹੂੰ ਕੇ ਸੰਗ ਸਿੰਘ ਪੰਚ ਤਿਨ ਸੈ ਦੈ ਸਰਦਾਰ॥ ਦੋਉ ਲੋਕਨ ਬਿਜਯ ਕਰੈਯਾ ਜਿਨ ਕੋ ਹੈ ਦਲ ਭਾਰਾ॥ ਆਲਮ ਸਿੰਘ ਪੰਚ ਸਿੰਘਨ ਸੰਗ ਅਗਮਪੁਰ ਆਏ॥ ਏਕ ਏਕ ਸਨ ਜੀਤ ਜੰਗ ਅਵਰੰਗਜੇਬ ਉਮਰਾਏ॥੭॥ ਉਦੈ ਸਿੰਘ ਸਤ ਸਿੰਘ ਸਤ ਸਿੰਘ ਦੈ ਸੁਰਹਯੋ ਦਮਦਮੇ ਰਾਨਾ॥ ਮਾਰਨ ਹਾਰ ਪਹਾਰਿਨ ਪਛਿਲ ਭੂਖਯੋ ਬਾਜ ਉਡਾਨਾ॥ ਸਾਹਬ ਸਿੰਘ ਮੁਹਕਮ ਸਿੰਘ ਮੁਹਕਮ ਭਏ ਹੋਲ ਗਢ[4] ਆਈ॥ ਮਾਨੋਹੁ ਦੋਨੋ ਸੂਬਨ ਕੇ ਦੋਉਨ ਮਨਸੂਬੇ ਲਾਈ॥੮॥ ਦਯਾ ਸਿੰਘ ਸਤ ਸਿੰਘ ਸੰਗ ਗਿਰ ਦਿਸ ਰਾਖਹਿ ਰਖਵਾਰੀ॥ ਸਤਗੁਰੁ ਸੰਗਤ ਮੰਗ ਬਿਰਾਜਤ ਆਨੰਤਪੁਰ ਰਖਵਾਰੀ॥ ਲਗਤ ਦਿਵਾਨ ਅਨੰਦ ਮਾਨ ਹਰ ਸਮਯ ਸਮਯ ਸਵਧਾਨੀ॥ ਤਕਰੀ ਤਕ ਗਈ ਕਰ ਪਾਈ ਸਾਚੇ ਗੁਰੁ ਆਰਾਮੀ॥੯॥ਦੋ:॥ ਦੁਊ ਓਰ ਮੁਰਚੇ[5] ਲਗੇ ਠਢੋ ਸੂਰ ਸਰਦਾਰਾ॥ ਸਮਰੋਹਨ ਕੀ ਅਬ ਕਥਾ ਸੁਨਹੁ ਸਿੰਘ ਹਿਤ ਧਾਰਾ॥੧੦॥

ਸਾਖੀ॥੧੭੦॥ ਭੁਜੰਗ ਪ੍ਰਯਾਤ ਛੰਦ॥ ਦੁਹੂੰ ਓਰ ਕੇ ਮੋਰਚੇ ਭੀਰ ਭਾਰੀ॥ ਤੀਰ ਗੋਰੀਨ ਕੀ ਚਲੀ ਮਾਰ ਮਾਰੀ॥ ਚਲਾਕੀ ਦਿਖਾਵੈ ਕਰੈ ਭਾਉ ਆਛੇ॥ ਲੈਰੇ ਮੋਛ ਐਠੇ ਜਬੈ ਕਾਛ ਕਾਛੇ॥੧॥ ਚਲੀ ਸੋਨਧਾਰਾ ਰਿਸਾਈ ਸਹਾਨੀ॥ ਮਹਾਰਾਜ ਕੀ ਮਾਨਕੈ ਆਨ ਬਾਨੀ॥ ਦਯਾ ਸਿੰਘ ਧਾਏ ਉਦੈ ਸਿੰਘ ਲੀਨੇ॥ ਚਲੈ ਸਿੰਘ ਸੂਰੇ ਤਬੈ ਕੋਪ[6] ਕੀਨੇ॥੨॥ ਕਹੀ ਦੀਨ ਬੰਧੂ ਸੁਨੋ ਮੀਤ ਮੇਰੇ॥ ਸਹੀਦੀਸਰੀ ਸੈਨ ਜਾਨੋ ਨ ਦੇਰੇ॥ ਤਬੈ ਧਾਇਕੈ ਪਾਇ ਕੈ ਨਾਥ ਆਗਾ॥ ਮਹਾ ਰੋਸ ਪੂਰੇ ਮਹਾ ਜੰਗ ਜਾਗਾ॥੩॥ ਕਹੂੰ ਸੀਸ ਕਾਟੇ ਪਰੇ ਭੂਪ ਭਾਰੀ॥ ਮਨੋ ਖੋਪਰੀ ਖੇਤ ਕੀਨੋ ਮੁਰਾਰੀ॥ ਕਹੂੰ ਅੰਗ ਪ੍ਰਤਯੰਗ ਕਾਟੇ ਪਰੇ ਹੈ॥ ਕਹੂ ਘਾਉ ਤੇ ਸੋਨ ਝੰਨਾ ਝਰੈ ਹੈ॥੪॥ ਕਹੂੰ ਮਾਰ ਹੀ ਮਾਰ ਬੁਲੰਤ ਬੋਲੀ॥ ਭਿਜੇ ਸੋਣ ਬਸਤਨ ਖੇਲੰਤ ਹੋਲੀ॥ ਦੁਹੂ ਸੂਬੇ ਬੈਠੇ ਜਹਾਂ ਛਤ੍ਰ ਲਾਈ॥ ਮਚਾਈ ਤਿਤੈਹੀ ਘਨੀ ਹੀ ਲਰਾਈ॥੫॥ਚੋ:॥ ਇਹਿ ਬਿਧਿ ਭਯੋ ਅਧਿਕ ਘਮਸਾਨਾ॥ ਮਾਰੇ ਨੌਸੈ ਤੁਰਕ ਮੈਦਾਨਾ॥ ਲੈਕਰ ਜੀਤ ਖਾਲਸਾ ਆਯੋ॥ ਵਾਹਗੁਰੂ ਕੀ ਫਤੇ ਬੁਲਾਯੋ॥ ਦੋਊ ਸੂਬੇ ਮਨ ਪਛਤਾਹੀ॥

---

1. ਪਹਾੜੀ ਰਾਜੇ, 2. ਕੇਸ ਗੜ੍ਹ, 3. ਲੋਹ ਗੜ੍ਹ, 4. ਹੋਲ ਗੜ੍ਹ, 5. ਮੋਰਚੇ, 6. ਕ੍ਰੋਧ

ਸਾਹ ਸੈਨ ਇਨ ਕੀਨੀ ਨਾਹੀ॥ ਧੋਰੇ ਸਿੰਘਨ ਕੀਨੋ ਹਲਾ॥ ਤੁਰਕਨ ਜਮ ਕੋ ਘਰ ਲਿਅ ਭਲਾ॥੭॥ ਨੌ ਸੈ ਸੂਰਮਰੈ ਖਗ ਧਾਰੀ॥ ਦੀਖਤ ਸਿੰਘਨ ਪਰਯੋ ਅਗਾਰੀ॥ ਭੀਮ ਚੰਦ ਨਿਜ ਨਿਕਟ ਬੁਲਾਯੋ॥ ਦੁਊ ਸੂਬਨ ਢਿਗ ਬੈਠ ਬੁਝਾਯੋ॥੮॥ ਤੁਮ ਅਪਨੀ ਹੂੰ ਸਹੀ ਕਰਾਵੋ॥ ਸਾਹ ਸਾਹਨ ਕੀ ਸਕਲ ਮੰਗਾਵੋ॥ ਜੀਤਨ ਜੋਗ ਗੁਬਿੰਦ ਸਿੰਘ ਨਾਹੀ॥ ਹਾਰਹੁਗੇ ਅੰਤਹੁ ਬਲਬਾਹੀ॥੯॥ ਭੀਮ ਚੰਦ ਕਹਿ ਸੁਨਹੁ ਜਨਾਬ॥ ਜੋਨ ਹੋਤ ਹਮ ਐਸ ਖਰਾਬ॥ ਤੋਕਤ ਦੇਤ ਦੁਖ ਮਹਾਰਾਜਾ॥ ਮਰੇ ਕਰੀ ਸਰਨ ਕੀ ਲਾਜਾ॥੧੦॥ ਰਾਮ ਕਿਸਨ ਸਮ ਪ੍ਰਾਕ੍ਰਮਧਾਰੀ॥ ਹੈਯਾ ਗੁਰ ਗੋਬਿੰਦ ਸਿੰਘ ਭਾਰੀ॥ ਜਬਹਿ ਕੇਸਰੀ ਚਢਯੋ ਮਹਾਨਾ॥ ਲਾਖ ਤੇ ਅਧਕ ਸੈਨਾ ਸੰਗ ਜਾਨਾ॥੧੧॥ਚੋ:॥ ਉਦੈ ਸਿੰਘ ਕੇਸਰੀ ਸਿੰਘਾਰਾ॥ ਜੋਨ ਜੀਤਸਕ ਕੁਉ ਬਰਿਆਰਾ॥ ਪੈਡੇ ਖਾਂ ਨਿਜ ਕਰਤੇ ਹਨਾ॥ ਤਯੋ ਰਮਜਾਨ ਖਾਨ ਹੂੰ ਭਨਾ॥੧੩॥ ਪੈ ਪਤਸਾਹ ਸੰਗ ਕਰ ਕੋਪ॥ ਚਹਤ ਘਟਾਵਨ ਅਪਨੀ ਓਪ॥ ਕਹਲੌ ਕਰਿ ਹੈ ਜੁਧ ਇਕੇਲਾ॥ ਹੇਲਾ ਪਰ ਪਰਿਹੈ ਬਰ ਹੇਲਾ॥੧੪॥ ਆਨੰਦ ਨਗਰ ਤਯਾਗੋ ਜਬ ਜਾਈ॥ ਪੁਨ ਅਸਕਰ ਸਕ ਨਾਹਿ ਲਰਾਈ॥ ਇਹਿ ਬਿਧਿ ਕਹਿ ਸੂਬੇ ਸਮਝਾਏ ਸਿੰਘ ਜੀਤ ਸਤਗੁਰ ਢਿਗ ਆਏ॥੧੫॥

ਸਾਖੀ॥੧੭੧॥ਚੋ:॥ ਜੁਧ ਪ੍ਰਸੰਗ ਖਾਲਸੇ ਕਹਾ॥ ਹਰਖ ਦੀਨ ਬਰਦਾਨ ਹਿਤਹਾ॥ ਸਾਲ ਪਤ੍[1] ਸਭ ਘਾਉ ਲਗਾਏ॥ ਸਭ ਕੇ ਅੰਗ ਅਨੰਗ ਸੁਹਾਏ॥੧॥ ਪੁਨ ਸਤਗੁਰੁ ਇਮ ਬਚਨ ਅਲਾਯੋ॥ ਥਿਰਹੁ ਮੋਰਚਨ ਲਰਹੁ ਸੁਹਾਯੋ॥ ਅਸ ਆਇਸ ਦੀਨੀ ਸਭ ਕਾਹੀਂ॥ ਲਰੈ ਮਰੈ ਮੁਕਤ ਸੋ ਪਾਹੀ॥੨॥ ਦੋਹਰਾ॥ ਨਿਸਾ ਬਿਤਾਇ ਕ੍ਰਿਪਾਇ ਤਨ ਪ੍ਰਾਤ ਚਢੇ ਬਲ ਧਾਰ॥ ਸੰਗ ਸੈਨ ਸਿੰਘਨ ਲੀਏ ਆਏ ਰਣ ਮੰਝਾਰ॥੩॥ਚੋ:॥ ਭੀਮ ਚੰਦ ਸਨ ਸੂਬਨ ਕਹੀ॥ ਕਲਗੀ ਜਾਸਸੀਸ ਜਗ ਰਹੀ॥ ਜਾਕੇ ਅੰਗ ਅਨੰਗ ਸਮਾਨਾ॥ ਜਾਕੀ ਜਯੋਤਿ ਦਿਪਤਿ ਸੁਖਦਾਨਾ॥੪॥ ਸੂਰਜ ਕਿਰਨ ਸਰਿਸ ਚਹੁ ਓਰਾ॥ ਜਿਹ ਮੁਖ ਪਰ ਪ੍ਰਤਾਪ ਕੋ ਜੋਰਾ॥ ਚਢਯੋ ਤੁਰੰਗ ਤਰਲਤਮਕਾਵੈ॥ ਇੰਦ੍ਰ ਸਰਿਸਨਿ ਜਬਿ ਭੇ ਦਿਖਾਵੈ॥੫॥ ਜੁਬਾ ਪਰਮ ਸੁੰਦਰ ਮੁਖ ਚੰਦਾ॥ ਛਜਤ ਸੁਮਤਿ ਦਾੜਾ ਸੁਖ ਕੰਦਾ॥ ਸੀਸ ਪਾਗ ਗਰ ਖੜਗਹਿਂ ਧਾਰੇ॥ ਸਿੰਘਨ ਕੋ ਰਖਯਾਕ ਨਿਰਧਾਰੇ॥੬॥ ਯਹ ਕੋ ਸੈਨਾਨੀ ਗੁਰ ਕੇਰਾ॥ ਢੁਰਤ ਚਮਰ ਜਿਹ ਸੀਸ ਸੁਹੇਰਾ॥ ਭੀਮ ਚੰਦ ਦੂਰਬੀਨ ਲਗਾਈ॥ ਕਹੈ ਯਹੈ ਉਤਾਪਾਤ ਲਰਾਈ॥੭॥ ਗੁਰੂ ਗੋਬਿੰਦ ਸਿੰਘ ਹੈ ਬੜ[2] ਬਲੀ॥ ਜਾਸੋ ਬਾਇਸਧਾਰ ਨ ਚਲੀ॥ ਹੈਨ ਹੋਇਨਹਿ ਭਯੋ ਜੁ ਐਸੋ॥ ਸਮਰ ਸੂਰਯਹ ਨਿਰਖਹੁ ਜੈਸੋ॥੮॥ਦੋ:॥ ਅਰਜੁਨ ਬਿਕ੍ਰਮ ਕਰਨ ਦ੍ਰੋਣ ਕ੍ਰਿਪਾ ਜਗ ਜੋਨ॥ ਇਨਕੀ ਬਿਦਯਾ ਅਸਤ੍ਰ ਸਮ ਹੈਨ ਹੋਇ ਨਹਿ ਹੋਨ॥੯॥ਚੋ:॥ ਪੈ ਸੂ ਬਾਜੀ ਜੀਅ ਬਿਚਾਰਹੁ॥ ਆਈ ਨਿਕਟ ਮਿਰਤ ਨਿਰਧਾਰਹੁ॥

---

1. ਸਾਲ ਪੱਤਰ, 2. ਮਹਾਂ ਬਲੀ

ਜੋ ਹਜਰਤ ਸੰਗ ਰਾਰ ਮਚਾਈ॥ ਔਹਜਰਤ ਕੇ ਮਨ ਮੈ ਆਈ॥੧੦॥ ਇਤ ਸਤਗੁਰੁ ਗਨ ਸਰਸੁ ਪ੍ਰਹਾਰੇ॥ ਕਾਨ ਪ੍ਰਮਾਨ ਤਾਨ ਤਕਿ ਮਾਰੇ॥ ਇਕ ਇਕ ਤੇ ਸਤ ਸਤ ਸੋ ਭਏ॥ ਮਾਰਤ ਗਨ ਤੁਰਕਨ ਚਲ ਗਏ॥੧੧॥ ਪ੍ਰਯਾਰ ਛੰਦ॥ ਬੰਗਾਲੇ ਕਾ॥ ਆਇ ਆਇ ਸੂਰਮੇ ਰਿਜਾਇ ਘਾਇ ਖਾਇ॥ ਸ੍ਰੀ ਗੋਬਿੰਦ ਸਿੰਘ ਹਾਯ ਬੋਲਤ ਬਨਾਇ॥ ਦਸ ਦਸ ਨਰ ਸਰ ਏਕ ਏਕ ਮਾਰ॥ ਮਹਾ ਘਮਸਾਨ ਕੀਨੋ ਲੋਥ ਕੋ ਸਥਾਰ॥੧੨॥ ਗੈਨ ਮਧਯ ਦੇਵਨ ਕੀ ਕਨਯ ਕਾ ਪ੍ਰਬੀਨ॥ ਜਯ ਮਾਲਾ ਲੀਏ ਖਰੀ ਬਰਤ ਸਚੀਨ॥ ਜੰਗ ਕੋ ਉਮੰਗ ਅੰਗ ਭੰਗ ਸੂਰ ਹੋਤ॥ ਨਿਰਖਤ ਗੈਨ ਮੈ ਬਿਬਾਨਨ ਕੇ ਗੋਤ॥੧੩॥ ਚਾਲੀ ਤੀਰ ਤੋਪ ਤਰਵਾਰ ਔ ਬੰਦੂਕ॥ ਪਟਾ ਬਾਨ ਬਰਛੀ ਬਿਛੂਅਨ ਕੀ ਝੂਕ॥ ਇਤਨੇ ਮੈ ਭੀਮ ਚੰਦ ਆਇਸ ਪ੍ਰਮਾਨ॥ ਤੋਪਨ ਦਗਾਯੋ ਆਯੋ ਜਾਨ ਕੈ ਮੈਦਾਨ॥੧੪॥ ਤਾਨ ਤਾਨ ਤੀਰ ਤਕ ਕਾਨਕੇ ਪ੍ਰਮਾਨ॥ ਤੋਪਚੀ ਸਮੇਤ ਹਨੇ ਬੀਰ ਸਾਵਧਾਨ॥ ਰਿ ਮਾਰਿ ਅਰਿ ਅਧਿਕ ਸੁ ਆਪਨੇ ਬਚਾਇ॥ ਵਾਹਗੁਰੂ ਜੀ ਕੀ ਫਤੇ ਗਜ ਕੈ ਗਜਾਇ॥੧੫॥

ਸਾਖੀ॥੧੭੨॥ ਪਯਾਰ ਛੰਦ॥ ਭੀਮ ਚੰਦ ਕਹੀ ਅਬ ਸੁਨਿਐ ਜਨਾਬ॥ ਨਾਕਿਸ[1] ਅਕਲ ਕਹੋ ਏਕ ਨੀਤ ਢਾਬ॥ ਦੂਰ ਦੂਰ ਡੇਰ ਡਾਰ ਘਾਟ ਬਾਟ ਰੋਕ॥ ਠਹਰਿਏ ਛੋਰ ਸਭ ਜੀਅ ਹੂੰ ਕੋ ਸੋਕ॥੧॥ ਬਾਹਰ ਤੇ ਸੰਗਤ ਨ ਆਵੈ ਇਤ ਆਨ॥ ਹੋਇਗੀ ਸਮੱਗਰੀ ਸੋ ਆਯ ਦਜਿਆਨ॥ ਏਕ ਓਰ ਗਿਰੀ ਏਕ ਔਰ ਸੈਨ ਜਾਨ॥ ਏਕ ਔਰ ਲਵਪੁਰ[2] ਸੈਨ ਸੁਵਾਧਾਨ॥ ਏਕ ਔਰ ਸਿਰਹੰਦ ਸੈਨ ਡੇਰ ਹੋਇ॥ ਮੋਰਚਾਨ ਮਾਹਿ ਰਾਖੈ ਕੋਰੇ ਚਾਨ ਕੋਇ॥ ਅੰਨ ਦੂਧ ਦਹੀ ਬ ਸੁਬਸਨ ਬਿਚਾਰ॥ ਜਾਨ ਨਹਿ ਪਾਵੈ ਕਛੂ ਨਗਰ ਮਝਾਰ॥੩॥ ਸੰਗਤ ਕੇ ਮਾਰੇ ਗੁਰ ਆਪ ਮਰਿ ਜਾਇ॥ ਆਮਦ ਖਰਚ ਸਭ ਸੰਗਤ ਤੇ ਸੁਭਾਇ॥ ਸਭ ਹਨ ਮਾਨੀ ਸਨਮਾਨੀ ਨ੍ਰਿਪ ਨੀਤ॥ ਸੁਬਨ ਸੁ ਆਇਸ ਸੁਨਾਈ ਸੂਰ ਪ੍ਰੀਤ॥੪॥ਚੌ:॥ ਛਤਰ ਧਾਰ ਛਕ ਬਿਜਯਾ ਛਕੀ॥ ਕਮਰ ਕਸਾਇ ਜੰਗ ਕੀਤਕੀ॥ ਊਚ ਦਮਦਮੇ ਆਪ ਬਿਰਾਜੇ॥ ਸੰਗ ਸੇਵਕ ਸੁ ਮਤੀਨਸ ਭਾਜੇ॥੫॥ ਪੁਰ ਤੇ ਪੂਰਬ ਜੋ ਗੁਰਰਾਈ॥ ਬੈਠੇ ਬੀਰਾਸਨ ਸੁਲਗਾਈ॥ ਸੰਗ ਸੋਹ ਸੁੰਦਰ ਸਿੰਘ ਸੂਰੇ॥ ਗੂਸਤੀ ਮੁਕੇਤ ਮੁਕਤ ਦਰੂਰੇ॥੬॥ ਕੋਸ ਅਢਾਈ ਪੁਰ ਤੇ ਪਰੇ॥ ਦੋਊ ਸੁਬੇ ਇਕ ਬਲ ਖਰੇ॥ ਰਾਜਾ ਭੀਮ ਚੰਦ ਸਗਿ ਐਠੋ॥ ਸੋਈ ਯਹ ਗੁਬਿੰਦ ਸਿੰਘ ਬਲੀ ਜਾਪਰ ਨਹਿ ਕੁਮਤ ਸੁ ਚਲੀ॥੮॥ ਜਬਰਦਸਤ ਤਬ ਤੋਪ ਚਲਾਈ॥ ਸਿਸਤ ਭਲੀ ਬਿਧਿ ਤਾ ਆਈ॥ ਇਤਨੇ ਮਹਿ ਸਿੰਘਨ ਗੁਰੁ ਕਹੀ॥ ਥਿਰਿਯਾਨ ਥਲਮਾਨੀ ਨਹੀ॥੯॥ ਅੰਧ ਧੁੰਧ ਤੋਪਨ ਤੇ ਭਯੋ॥ ਏਕ ਨਿਸਾਨੋ ਲਾਗਨ ਨਯੋ॥ ਭੀਮ ਚੰਦ ਤਬ ਕਹਿ ਸਮਝਾਈ॥ ਜਬ ਹਮ ਪੁਰੀ ਲਈ ਅਗਵਾਈ॥੧੦॥ ਟਿਬੀ ਸਯਾਹ ਤਥਾ ਨਿਰਮੋਹ॥ ਰਹਯੋ ਤੋਪਚੀ ਵੇਕ ਸੁ ਜੋਹ॥ ਤਿਹ ਹਮ ਦੇਨ ਕਰਯੋ ਸਰ

1: ਘੱਟ ਅਕਲ, 2. ਲਾਹੌਰ

ਸਹਸਾ॥ ਏਕ ਇਨਾਮ ਕਾਮ ਤਜ ਬਹਸਾ॥੧੧॥ ਤਾਕੀ ਤੋਪ ਲਾਗਿਤਹ ਜਾਈ॥ ਚੋਰੀਦਾਰ ਸਿੰਘ ਮ੍ਰਿਤ ਪਾਈ॥ ਤਬ ਤਕ ਤੀਰ ਬੀਰ ਗੁਰੁ ਮਾਰੇ॥ ਤਹਹਿ ਤੋਪਚੀ ਸੁਰਗ ਸਿਧਾਰੇ॥੧੨॥ ਅਬ ਕੀ ਬਾਰਨ ਜਾਨੋ ਗਯੋ॥ ਤੋਪਨ ਕੋ ਗੋ ਰੰਕਾ ਭਯੋ॥ ਅਤਿ ਅਦਭੁਤ ਯਹ ਗੁਰੁ ਬਰ ਲੀਲਾ॥ ਨਿਰਖਹਿ ਨਯਨ ਜਨਾਬ ਰਸੀਲਾ॥੧੩॥ਦੋ:॥ ਜਬਰਦਸਤ ਤਬ ਜਿਅ[1] ਲਖੀ[2] ਜੇਰ ਦਸਤ ਨਿਜ ਬਾਨ॥ ਬਾਂਧ ਮੋਰਚਨ ਥਿਰੇ ਸਭ ਸੁਚੇਤ ਸਮਾਧਾਨ॥੧੪॥ਚੋ:॥ ਜਬਰਦਸਤ ਕਹਿ ਜਾਦੂਗਰੀ॥ ਜਾਨਤ ਹੈ ਗੁਰੁ ਮੰਤ੍ਰ ਅਰੀ॥ ਮੰਤ੍ਰ ਸਿਧਿ ਕੋਊ ਇਨ ਕੀਨੋ॥ ਤਾਤੇ ਬਚਨ ਜਿਅਤ ਪ੍ਰਬੀਨੋ॥੧੫॥ ਸਸਤ੍ਰਨ ਲਾਗੈ ਜਾਤੇ ਕੋਈ॥ ਸੀਖਯੋ ਮੰਤ੍ਰ ਕਤਹੁ ਅਸ ਹੋਈ॥ ਸੰਧਯਾ[3] ਪਰੀ ਸੁ ਡੇਰਨ ਆਏ॥ ਸੁਨ ਰਹਰਾਸ ਪ੍ਰਸਾਦਹਿ ਪਾਏ॥੧੬॥ ਅਪਨੇ ਸ੍ਰੀ ਪ੍ਰਭ ਪਲਗ ਬਿਰਾਜੇ॥ ਸਭ ਸਿਖ ਸੇ ਵਕ ਪੂਰੇ ਕਾਜੇ॥ ਜਿਹ ਨਿਰਖਤ ਪੁਨ ਨਹਿ ਜਮ ਆਨਾ॥ ਸੋ ਸਤਗੁਰੁ ਗੋਬਿੰਦ ਸਿੰਘ ਜਾਨਾ॥੧੭॥

ਸਾਖੀ॥੧੭੪॥ ਲਲਿਤ ਪਦ ਛੰਦ॥ ਸੁਬਨ ਕਰੀ ਖਰੀ ਤਕਰਾਈ[4] ਅੰਨ ਬਸਤ੍ਰ ਨਹਿ ਆਵੈ॥ ਨਾਕੇ ਚਾਰ ਓਰ ਬੰਦ ਕਰ ਥਿਰ ਮੋਰਚਨ ਚਲਾਵੈ॥ ਮਾਨਹੁ ਚਾਰਹੁ ਓਰ ਜਲ ਸਦ੍ਰਿ ਤੁਰਕ ਪਹਾਰੀ ਰਾਜੈ॥ ਮਧਯ ਦੀਪ ਇਵ ਪੁਰ ਬਰ ਅਨੰਦ ਸ੍ਰੀ ਗੁਰੁ ਦੇਵ ਬਿਰਾਜੇ॥੧॥ ਨਹਿ ਮੰਦ੍ਰਾ ਚਲਕੇ ਸਮਾਨ ਆਨੰਦਪੁਰ ਨਗਰ ਬਸਾਯੋ॥ ਕਛਪ ਰੂਪ ਧਾਰ ਪ੍ਰਭ ਆਪਨ ਮਥਤ ਮਥਤ ਮਨ ਭਾਯੋ॥ ਸਿੰਘ ਸੂਰ ਸੁਰ ਅਪਰ ਪਹਾਰੀ ਅਸੁਰਭਏ ਇਕ ਠਾਮਾ॥ ਮਥਨਲਗੇ ਤੁਰਕਨ ਦਲ ਜਲ ਭਲ ਅਧਿਕ ਕਾਲ ਲਗ ਬਾਮਾ॥੨॥ ਮਥਤ ਮਥਤ ਸਰ ਧਾਰੁ ਸ ਪਰਧਾਰ ਤਨ ਨਿਕਾਰੇ ਦੋਨੋ॥ ਸਰਧਾ ਸਿੰਘਨ ਲਈ ਦਈ ਸੁਸਪਰਧਾ ਗਿਰਿਨਰ ਕੋਨੋ॥ ਉਤਰੇ ਉਤਰਓਰ ਪਹਾਰੀ ਪੂਰਬ ਪਸਿਚਮ ਦਖਿਨ॥ ਸਿਰਹੰਦੀ ਲਹੋਰੀ ਉਤਰੇ ਦਿਹਲੀ[5] ਲਸਕਰ[6] ਤੁਰਕਨ॥੩॥ ਦੋਊ ਸੂਬੇ ਹ੍ਵੈ ਇਕਤ੍ਰ ਕਬ ਚੋਸਰ ਖੇਲ ਮਚਾਈ॥ ਦਾਨਾ ਘਾਸਰੁ ਲਕਰੀ ਆਦਿਕ ਨਹਿ ਆਨੰਦਪੁਰ ਜਾਈ॥ ਸਤ ਗੁਰ ਊਚ ਦਮਦਮੇ ਬਿਰਾਜੇ ਸਿੰਘ ਸੰਗ ਸਰਦਾਰਾ॥ ਨਿਰਖਯੋ ਸਿੰਮਲ ਬ੍ਰਿਖਯ ਤਰੇ ਦੁਉ ਬੈਠ ਤੁਰਕ ਸਰਦਾਰਾ॥੪॥ ਏਕ ਬਾਨ ਤਬ ਧਨ ਸੰਧਾਨਾ॥ ਕਾਨ ਪ੍ਰਮਾਨ ਤਾਨ ਕਰ ਹਾਨਾ॥ ਲਗਯੋ ਪਲ ਪਾਵੇ ਸੁ ਪ੍ਰਹਾਰਾ॥ ਭਯੋ ਸਬਦ ਤਹਿ ਸੁਬਨ ਭਾਰਾ॥੫॥ ਨਿਕਟ ਭੀਮ ਸਸ ਹੁੰ ਤਾ ਬੈਠਾ॥ ਬੜੀ ਬੜੀ ਮੁੰਛਨ ਕੈ ਐਠਾ॥ ਜਬਰਦਸਤ ਨਿਜ ਕਰਨਿ ਨਿਕਾਰਯੋ॥ ਭੀਮ ਚੰਦ ਏ ਰਿਦੇ ਬਿਚਾਰਯੋ॥੬॥ ਭੀਮ ਚੰਦ ਕਹਿ ਸਤਗੁਰ ਤੀਰ॥ ਦੂਸਰ ਕੋ ਨਹਿ ਗੁਨੀ ਗਹੀਰ॥ ਦੂਰ ਬੀਨ ਸਨ ਹੇਰਨ ਕੀਨੋ॥ ਸਾਚੋ ਪਾਤਸਾਹ ਤਬ

---

1. ਦਿਲ ਵਿਚ, 2. ਜਾਣਿਆ, 3. ਸ਼ਾਮ ਸਮੇਂ,
4. ਤਕੜਾਈ, 5. ਦਿੱਲੀ, 6. ਫੌਜ

ਚੀਨੋ॥੭॥ ਜਬਰਦਸਤ ਕਹਿ ਅਜਮਤ ਭਾਰੀ॥ ਕੋਸ ਅਢਾਈ[1] ਸਰਪਰਹਾਰੀ॥ ਇਨ ਕਾ ਕੀਜਹਿ ਖਾ ਸਾਹਿਬ॥ ਅਚਰਜ ਚਰਿਤਨ ਲਖ ਸਕ ਚਾਹਿਬ॥੮॥ ਗੁਰ ਅੰਤਰਾਮੀ ਗਤਿ ਜਾਨੀ॥ ਇਨ ਕੇ ਮਨ ਯਹ ਅਜਮਤ ਮਾਨੀ॥ ਦੂਸਰ ਧਨੁ ਪਰ ਸਰ ਸੰਧਾਨਾ॥ ਕਾਨ ਪ੍ਰਮਾਨ ਤਾਨ ਪੁਨ ਹਾਨਾ॥੯॥ ਲਗਯੋ ਜਾਇ ਸਿੰਮਲ ਤਰ ਡਾਲੀ॥ ਤਾਮੈ ਇਕ ਪਤ੍ਰਿਕਾ[2] ਨਿਹਾਰੀ॥ ਲਿਖੀ ਪਾਰਸੀ[3] ਅਖਯਰ ਮਾਹੀ॥ ਸਾਚੇ ਪਾਤਸਾਹ ਬਲ ਬਾਹੀਂ॥੧੦॥ ਯਹ ਅਜਮਤ ਨਹਿ ਬਰੁ ਵਜੀਰ॥ ਯਹ ਹੈ ਬਿਦਯਾ ਗੁਨੀ ਗਹੀਰ॥ ਤਜ ਤਾਤਰੁ ਗਿਰ ਓਟ ਲੁਕਾਨੇ॥ ਕਹਹਿ ਪਰਸਪਰ ਗੁਰ ਬਰ ਸ੍ਵਾਮੀ॥ ਅਹੈਖਾਨ ਜੀ ਅੰਤਰਜਾਮੀ॥੧੧॥ ਹਮਰੋ ਭ੍ਰਮ ਤਮ ਮੇਟਨ ਕਜਾ॥ ਪਠਯੋ ਪਤ੍ਰ ਸ੍ਰੀ ਸਤਗੁਰੁ ਰਾਜਾ॥ ਨਾਹ ਕਾਇਨ ਸੰਨ ਬਾਤ ਬਿਗਾਰੀ॥ ਰਤਨ ਰੂਪ ਮਾਨੁਖ ਤਨ ਧਾਰੀ॥੧੩॥ ਬਡੇ ਸੂਰਮੇ ਬਲ ਨਿਧਿ ਗੁਨੀ॥ ਸਰਬ ਭਾਂਤ ਸੋ ਸੋਭਾ ਸੁਨੀ॥ ਅਰਿ ਹੂੰ ਜਾਕੀ ਕਰਹਿ ਬਡਾਈ॥ ਅਸ ਸਾਹਿਬ ਗੋਬਿੰਦ ਸਿੰਘ ਰਾਈ॥੧੪॥ ਤਿਹਿ ਬਿਸਰਾਇ ਕੁਸਲ ਜੋ ਚਾਹਾ॥ ਤਾਹਿਨ ਸੁਖ ਦੁਖ ਅਤਿ ਅਵਗਾਹਾ॥ ਨਿਤ ਮੋਰਚਨ ਜੰਗ ਬਿਸਾਰਹਿ॥ ਕਬਹੁ ਸਿੰਘ ਕਬ ਤੁਰਕ ਸੰਘਾਰਹਿ॥੧੫॥ ਭੀਮ ਚੰਦ ਨਿਤ ਕਰਿਹ ਬਡਾਈ॥ਜਾਤੇ ਨਹਿ ਸੂਬਾ ਅਨਖਾਈ॥ ਸਤਗੁਰੁ ਸੰਗ ਅਹਹਿ ਠਗ ਚੋਰਾ॥ ਅਧਿਕ ਧਾੜਵੀਸੁ ਚਿਤ ਕਠੋਰਾ॥ ਤਾਤੇ ਅਤਿਸਵਧਾਨੀ ਸੰਗਾ॥ ਗੁਰੂ ਸੰਗ ਕਰੀਐ ਜੰਗ ਅਭੰਗਾ॥ ਨਿਸਮਹਿ ਆਇ ਪਰਹਿ ਤੇ ਜਬਹੀ॥ ਸੁਧ ਨਹਿ ਲੈਨ ਦੇਤ ਤੇ ਤਬਹੀ॥੧੭॥ ਤਾਤੇ ਅਬ ਰਾਖਹੁ ਤਕਰਾਈ॥ ਅਸਨ ਹੋਇ ਨਿਸਬੇ ਸੁਧ ਆਈ॥ ਖਾ ਸਾਹਬਿ ਆਨੰਦਪੁਰ ਘੇਰਾ॥ ਰਾਖਹੁ ਮਾਨ ਕਹਯੋ ਅਬ ਮੇਰਾ॥੧੮॥ ਅੰਨ ਬਸਤ ਬਿਨ ਬਿਕਲਹਿ ਜਬ ਹੀ॥ ਛੋਰ ਪਰਾਇ ਜਾਇ ਗੁਰ ਤਬਹੀ॥ ਸਭ ਤੇ ਅਧਿਕ ਲੋਹ ਗਢ ਜਾਨੋ॥ ਯਾਮਹਿ ਅਧਿਕ ਸੂਰ ਸਵਧਾਨੋ॥੧੯॥ਦੋ:॥ ਤਾਤੇ ਤਾਕੀ ਕੀਜੀਏ ਤਕਰਾਈ ਸੁ ਬਿਸੇਸ॥ ਸੁਨ ਸੁਬਨ ਤਬ ਹੀ ਕੀਯੋ ਹੁਕਮ ਹਕੂਮਤ ਬੇਸ॥੨੦॥ਚੌ:॥ ਸੈਫ ਅਲੀ ਇਕ ਸੈਯਦ ਸੂਰਾ॥ ਜਮਾਦਾਰ ਸਭ ਗੁਨ ਭਰਪੂਰਾ॥ ਤਾਂ ਕਹਿ ਕਹਯੋ ਕਰਹੁ ਤਕਰਾਈ॥ ਕਹੁ ਨ ਸਿੰਘ ਮੁਰਦਨ ਸਮੁ ਹਾਈ॥੨੧॥ ਸੈਯਤ ਕਹੀ ਹੁਕਮ ਜੋ ਪਾਊ॥ ਅਬੈ ਲੋਹ ਗਢ ਕਿਲਾ ਛੁੜਾਊ॥ ਤਵ ਪ੍ਰਤਾਪ ਭਾਰੀ ਸੁਨ ਸੂਬਾ॥ ਡਰ ਉਰ ਧਰਨ ਕਰਹੁ ਮਨਸੂਬਾ॥੨੨॥ ਰਾਖਹੁ ਮੈ ਨਿਸ ਮਹਿਤ ਕਰਾਈ॥ ਆਵਨ ਸਕਿ ਨਹਿ ਨਰ ਗੁਰ ਰਾਈ॥ ਦੀਨ ਦਿਲਾਸਾ ਸੁਬਨ ਤਾਹੀ॥ ਰਾਖਹੁ ਨਿਸਿ ਜਾਗਰਨ ਸਦਾਹੀ॥੨੩॥

ਸਾਖੀ॥੧੭੫॥ਚੌ:॥ ਉਤ ਸਤਗੁਰੁ ਢਿਗ ਸਿੰਘ ਸੁਹਾਏ॥ ਦਯਾ ਸਿੰਘ ਸਭ

---

1. ਢਾਈ ਕੋਹ,
2. ਚਿੱਠੀ,
3. ਫਾਰਸੀ ਅੱਖਰਾਂ ਵਿਚ

ਮਧਯ ਅਲਾਏ॥ ਤੁਰਕ ਤੇਜ ਦਿਨ ਕਰ ਜਮ ਜਗਾ॥ ਗਉਰ ਂਬਿਨ ਕੋ ਲੈ ਸਕ ਆਗਾ॥੧॥ ਸਭ ਤੀਰਥ ਜਿਨ ਨਾਸ ਸੁ ਕੀਨੇ॥ ਕਾਹੂੰ ਦੇਵ ਨਹਿ ਬਲ ਕਰ ਛੀਨੇ॥ ਮਥੁਰਾ ਕਾਸੀ ਔਰ ਅਜੋਧਯਾ॥ ਸਭ ਹੀ ਤੈ ਸੋ ਰਹਯੋ ਅਜੋਧਸਾ॥੨॥ ਗਿਰਿਨ[1] ਆਪਨੀ ਆਪ ਬਿਗਾਰੀ॥ ਹਿੰਦੁਨ ਲਾਜ ਰਖੀ ਗੁਰ ਭਾਰੀ॥ ਇਮਿ ਬਚ ਕਰਤ ਅਨੇਕ ਪ੍ਰਕਾਰਾ॥ ਆਏ ਗੁਰ ਨਿਜ ਦਸਮ ਮੰਡਾਰਾ॥੩॥ ਸ੍ਵਾ ਪਹਿਰ ਜਬ ਜਾਮਿਨ ਰਹੀ॥ ਨਾਹਰ ਸਿੰਘ ਲੋਹਗਢ ਕਰੀ॥ ਮੈ ਅਬ ਗਯੋ ਸੁਚੇਤੇ ਭਾਈ॥ ਪਰੇ ਤੁਰਕ ਸੋਵਹਿ ਸਮੁਦਾਈ॥੪॥ ਸੇਰ ਸਿੰਘ ਅਬ ਹਲਾ ਕੀਏ॥ ਤੁਕਕਨ ਮਾਰ ਝਾਰ ਖਗ ਧਰਿਏ॥ ਆਨੰਦ ਗਢ ਸੁ ਕੇਸ ਗਢ ਮਾਹੀ॥ ਨਿਕਟਿਨਿਕਟਿ ਸਭ ਸਿੰਘ ਕਹਾਹੀ॥੫॥ ਤਹਹੁ ਮੋਰਚਾ ਨਿਕਟਨ ਕੋਈ॥ ਇਤ ਅਤਿ ਨਿਕਟ ਬਿਕਟ ਭਟ ਹੋਈ॥ ਮੈ ਨਿਜ ਨਯਨ ਤੇ ਹੇਰਤ ਆਯੋ॥ ਸੋਇ ਰਹੇ ਸਭ ਚਿਤ ਅਲ ਸਾਯੋ॥੬॥ਦੋ:॥ ਸੇਰ ਸਿੰਘ ਕਹਿ ਸਿੰਘ ਜੀ ਸਾਹਿਬ ਆਇ ਸਨਾਹਿ॥ ਅਸਨ ਹੋਇ ਕਰ ਕੋਪ ਕਛੂ ਦੇਹਿ ਸਾਪ ਮਨ ਆਹਿ॥੭॥ਚੌ:॥ ਘਾਲੀ ਘਾਲ ਬਿਰਥਾ ਸਭ ਹੋਈ॥ ਅਸ ਸੰਸਾ ਹਮਰੇ ਉਰ[2] ਸੋਈ॥ ਨਾਹਰ ਸਿੰਘ ਕਹੀ ਸਭ ਸਹੀ॥ ਮਿਥਯਾ ਸੇਰ ਸਿੰਘ ਨਹਿ ਕਹੀ॥੮॥ ਪੈ ਸਤ ਗੁਰੁ ਨਿਤ ਸ੍ਰੀ ਮੁਖ ਕਹੈ॥ ਤੁਰਕਨ ਹਤਹਿ ਸਿੰਘ ਸੁਖਦਾ ਹੈ॥ ਅਬ ਪੂੰਛਨ ਕਰ ਔਸਰ ਨਾਂਹੀ॥ ਅਰਿ ਮਾਰਨ ਕਰ ਔਸਰ ਯਾਹੀ॥੯॥ ਤਾਤੇ ਪਰ ਪ੍ਰਭੂ ਪਗ ਬਕਸੈ ਹੈ॥ ਦੀਨ ਦਯਾਲ ਰਿਝਾਇ ਸੁ ਲੈ ਹੈ॥ ਅਸ ਅਨੁਮਾਨ ਕਰਯੋ ਇਸਨਾਨਾ॥ ਬਿਜਯਾ ਪਾਨ ਕੀਯੋ ਬਲਵਾਨਾ॥੧੦॥ ਚਢ ਤੁਰੰਗ ਨਿਸਿ[3] ਅਤਿ ਅੰਧਿਆਰੀ॥ ਰਹੀ ਛੇ ਘਰੀ[4] ਰੈਨ ਨਿਹਰੀ॥ ਪਰੇ ਮੋਰਚਲ ਪਰ ਤਬ ਜਾਈ॥ ਕਾਟਤ ਤੁਰਕਨ ਬੇਰ ਲਗਾਈ॥੧੧॥ਦੋ:॥ ਸੂਕਯੋ ਖੇਤ ਕਿਸਾਨ ਜਿਮ ਕਾਟਤ ਹਿਤ ਗੁਜਰਾਨ॥ ਤਯੋ ਸਿੰਘ ਅਰਿ ਸਿਰ ਹਰੇ ਭਯੋ ਸੋਰ ਤੁਰਕਾਨ॥੧੨॥ ਘਟਿਕਾਅਰਧ ਇਮਿ ਬੀਤ॥ ਤਬਲੌ ਜਗੇ ਭਯ ਭੀਤ॥ ਆਏ ਸੁ ਸਿੰਘ ਗਢ ਮਾਹਿ॥ ਤਿਤ ਪਰੀ ਮਾਰ ਮਹਾਇ॥੧੩॥ ਕਹੁ ਸੀਸ ਕਹੁ ਕਟ ਬਾਹ॥ ਕਹੁ ਜੰਘ ਕਹੁ ਪਦ ਤਾਹਿ॥ ਕੋਊ ਆਹਿ ਆਹਿ ਕਰਾਹਿ॥ ਕੋਊ ਕਹਤ ਮਾਤ ਪਿਤਾਹ॥ ਹਿਤ ਭ੍ਰਾਤ ਭ੍ਰਾਤਾ ਮਾਰ॥ ਸੁਤ ਪਿਤਹਿ ਕਰਤ ਸੰਘਾਰ॥ ਸੇਵਕ ਹਨਤ ਸਰਦਾਰ॥ ਨਹਿਸੂਝ ਅੰਗ ਨਿਹਾਰ॥੧੪॥ ਬਹੁ ਦੂਰ ਦੂਰ ਦਿਖਾਨ॥ ਭਟ ਪੂਰੇ ਮਰਿ ਤੁਰਕਾਨ॥ ਤਬ ਲਗ ਮਸਾਲਨ ਬਾਰ॥ ਆਏ ਸੁ ਭਟ ਸਰਦਾਰ॥੧੫॥ ਨਿਰਖੇਹ ਜਾਰਨ ਸੀਸ॥ ਨਹਿ ਏਕ ਸਿੰਘ ਮਹੀਸ॥ ਅਤਿ ਭਏ ਬਿਯਾ ਕੁਲ ਚਿਤ॥ ਕਹਿਹਾ ਖੁਦਾਇ ਬਚਿਤ੍ਰ॥੧੬॥ ਅਲਾਹਯਹ ਕਸ ਕੀਨ॥ ਸਭ ਤੁਰਕ

---

1. ਪਹਾੜੀਆਂ ਤੇ,
2. ਦਿਲ ਵਿਚ,
3. ਰਾਤ,
4. ਛੇ ਘੜੀਆਂ

ਦਲ ਦਲ ਚੀਨ॥ ਰੋਰਾ[1] ਭਯੋ ਅਤਿ ਜਾਨ॥ ਜਗ ਬੈਠਾ ਕ੍ਰਿਪਾ ਨਿਧਾਨ॥੧੭॥ ਭੇਜੇ ਸੁ ਸਿੰਘ ਬੁਲਾਇ॥ ਕਿਤ ਪਰਯੋ ਜੰਗ ਜਤਾਇ॥ ਸੋਗਯੋ ਤਬ ਗਢ ਲੋਹ॥ ਸਭ ਕਹੀ ਸਤਗੁਰ ਜੋਹ॥੧੮॥ ਤਬ ਭਰਤ ਨਾਹਰ ਸਿੰਘ ਭੇਜਯੋ ਜਵਾਹਰ ਸਿੰਘ,॥ ਸੁਨ ਪ੍ਰਭੂ ਰਹੇ ਮੁਸਕਾਇ॥ ਕਿਅ ਭਲੋ ਤੁਰਕ ਨਸਾਇ॥੧੯॥ ਕਰ ਸਨਾਨ ਸਭਾ ਲਗਾਇ॥ ਤਬ ਲਗ ਉਦਯੋ ਦਿਨ ਰਾਇ॥ ਹੂਕਾਇ ਨਾਹਰ ਸਿੰਘ॥ ਅਰੁ ਸੇਰ ਸੇਰਸੁ ਸਿੰਘ॥੨੦॥ ਦੀਨੋ ਸੁ ਗੁਰਸਿਰਪਾਉ॥ ਅਤਿ ਸੂਰ ਤਾਸੁ ਗੁਨਾਉ॥ ਤੁਮ ਸੂਰ ਮਮ ਸਰਦਾਰ॥ ਜੀਤਿਹੋ ਸਭ ਦਲ ਹਾਰ॥੨੧॥ ਨਹਿ ਤੁਰਕ ਰਹਿ ਛਲ ਛੰਦ॥ ਕੁਉ ਨਹਿ ਨਗਾਰਾ ਬੰਦ॥ ਧਰ ਧੀਰ ਕਰ ਸੰਗ੍ਰਾਮ॥ ਯਹ ਜੁਧ ਧਰਮ ਲਲਾਮ॥੨੨॥ ਯਹ ਧਰਮ ਜੁਧ ਮਹਾਨ॥ ਹਮ ਲਿਖਯੋ ਦਸਮ ਸਥਾਨ॥ ਨਹਿ ਸੈਨ ਮਾਰਤ ਸੂਰ॥ ਬਿਗਾਰ ਕਰਤ ਭੂਰ॥੨੩॥ ਇ ਬਿਧਿਸ ਸੀਖਯਾ ਦੀਨ॥ ਸਭ ਸਿੰਘਨ ਮਾਨਨ ਕੀਨ॥ ਪੁਨ ਬਟਯੋ[2] ਬਹੁਤ ਪ੍ਰਸਾਦ॥ ਸਭ ਭਏ ਉਰ ਅਹਿਲਾਦ[3]॥੨੪॥

ਸਾਖੀ॥੭੬॥ ਅੜਲ॥ ਪ੍ਰਾਤ ਕਾਲ ਤਬ ਸੁਬਨ ਮਨ ਮੁਰਝਾਇਯੋ॥ ਭੀਮ ਚੰਦ ਕੋ ਅਪਨੇ ਨਿਕਟ ਬੁਲਾਯੋ॥ ਰਾਜਾ ਜੀ ਸਤ ਸਾਹ ਸਾਹਨੀ ਮਰ ਗਈ॥ ਕਹਾ ਭਯੋਯਹ ਕਾਰਨ ਸੁਧ ਤੁਮ ਨੈ ਲਈ॥੧॥ ਸੁਨ ਹੈ ਹਜਰਤ ਜਬਹਿ ਦੇਸ ਤਬ ਲੇਹਿਗੇ॥ ਤੁਮ ਕਹਿਤੁਰਤ ਨਿਕਾਰ ਗਿਰਿਨ[4] ਤੇ ਦੇਹਿਗੇ॥ ਹਮ ਸਬ ਫਿਰ ਜਾਹਿ ਕਹਿਹਗੇ ਸਾਹਸੋ॥ ਸਭ ਰਾਜਨ ਕੋ ਦੋਸਨ ਗੁਰ ਕਰ ਯਾਹ ਸੋ॥੨॥ ਰਾਜਨ ਕਹੀ ਜਨਾਬ ਪ੍ਰਥਮ ਹਮ ਕਹਿ ਥਕੇ॥ ਸ੍ਰੀ ਗੁਬਿੰਦ ਸਿੰਘ ਸੂਰ ਸਰ ਨਹਿ ਕੁਉ ਜਕੈ॥ ਤਿਨ ਕੇ ਸੰਗ ਬਟ ਪਾਰ ਚੋਰ ਠਗ ਠਾਠ ਹੈ॥ ਨਿਸ ਮਹਿ ਹਤਹਿ ਮੋਰਚਨ ਪੜ ਪੜ ਪਾਠ ਹੈ॥੩॥ ਹਮਹਿ ਜੁ ਆਇਸ ਹੋਇ ਕਰਹਿ ਨਹਿ ਢੀਲ ਹੈ॥ ਹਾਰ ਬਜੀ ਤਬ ਦੋਉ ਖੁਦਾਇ ਸਬੀਲ ਹੈ॥ ਧਨ ਗੁਰੁ ਕੇ ਘਰ ਨਾਹਿ ਬੰਦ ਅਹਮਦ ਭਈ॥ ਦਾਨਨ ਬਿਨ ਮਰਿ ਨਿਕਰ ਜਾਹਿ ਸੰਸਯ ਨਈ॥੪॥ ਅਸ ਕਹਿ ਬਹੁ ਧਨ ਦੀਨ ਦੀਨਤਾ ਅਤਿ ਕਰੀ॥ ਭੀਮ ਚੰਦ ਅਰ ਭੂਪ ਚੰਦ ਉਰ ਅਤਿ ਡਰੀ॥ ਅਬ ਕੀ ਸੈਨਾ ਮੁਰੀ ਫੇਰੀ ਨਹਿ ਆਇ ਹੈ॥ ਸਤਗੁਰੁ ਗੋਬਿੰਦ ਸਿੰਘ ਹਮਹਿ ਗਹਿ ਆਇ ਹੈ॥੫॥ ਇਤ ਗੁਰੁ ਸੋਚ ਸਨਾਨ ਪਹਰ ਤੀਸਰ ਕਰਯੋ॥ ਊਚੇ ਥਲ ਪਰ ਬੈਠ ਭੀਰ ਸਿੰਘਨ ਭਰਯੋ॥ ਦੇਵਨ ਮਹਿ ਦਿਵ ਸਾਜ ਜਛਨ ਸੁ ਕੁਬੇਰ ਹੈ॥ ਰਿਖਨ ਮਧਯ ਸ੍ਰੀ ਰਾਮ ਚੰਦ੍ ਮਨ ਹੇਰ ਹੈ॥੬॥ ਜਦੁਨ ਮਾਹਿ ਜਦੁ ਨਾਥ ਬ੍ਰਹਮ ਬ੍ਰਹਮਾ ਮਹਾਂ॥ ਬੈਠ ਬਿਰਾਜਤ ਸ੍ਰੀ ਸਤਗੁਰੁ ਤਬਤੀ ਤਹਾਂ॥ ਦੇਖੇ ਤੰਬੂ ਲਾਗੇ ਜਰੀ ਝਾਲਰ ਭਰੇ॥ ਝਲ ਮਲਾਤ ਰਵ ਜੋਤ ਮਧਯ ਅਤਿ ਬਰ ਬਰੇ॥੭॥ ਬਿਜ ਘੋਖਨੀ ਬਾਘਨੀ ਤੋਪ ਮੰਗਾਇ

---

1. ਰੋਲਾ, 2. ਵੰਡਿਆ, 3. ਖੁਸ਼, 4. ਪਹਾੜੀ

ਲੀ॥ ਕਰ ਪੂਜਨ ਭਲ ਭਾਤ ਸੁਚਿਤ ਰਿਝਾਇਲੀ॥ ਗੋਰੀ ਐ ਬਰੂਦ ਡਾਰ ਕਸ ਕਰ ਤਬੈ॥ ਮਾਰੀ ਤਬ ਤਕ ਤੋਪ ਜਿਤਹਿ ਤੰਬੂ ਸਬੈ॥੮॥ ਉਡੇ ਨਿਸਾਨ ਸਮਯਾਨ ਤੰਬੁ ਸੂਬੇ ਡਰੇ॥ ਹਾਇ ਖੁਦਾਇ ਅਲਾਇ ਜਾਇ ਕਤਹੂੰ ਦੁਰੇ॥ ਦੂਰ ਦੂਰ ਤਬ ਜਾਇ ਮੋਰਚਨ ਕੋ ਕੀਯੋ॥ ਆਨੰਦਪੁਰ ਕੋ ਕੋਸ ਚਾਰ ਲਗ ਤਜ ਦੀਓ॥੯॥ ਸੋਦਰ[1] ਪਢ[2] ਸੰਧਯਾ[3] ਮੈ ਪ੍ਰਭ ਆਲਯ ਆਏ॥ ਭੋਜਨ ਭਾਵਤ ਕੀਨਸੈਨ ਮੁਨ ਥਿਰ ਥਏ॥ ਸਤਗੁਰੁ ਬਿਜਯ ਪ੍ਰਸੰਗ ਸਮਰ ਜੋ ਗਾਇ ਹੈ॥ ਮਨ ਬਾਂਛਿਤ ਫਲ ਸਿੰਘ ਸੁਮੇਰ ਸੁ ਪਾਇ ਹੈ॥੧੦॥

ਸਾਖੀ॥੧੭੭॥ ਇਤ ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸ ਸ੍ਰੀ ਗੁਰੁ ਚਤੁਰਥ ਖੰਡਾਤਰ ਸਿਤਿ ਸ੍ਰੀ ਦਸਮ ਮੰਡਲ ਉਤ੍ਕਾਰਧੇ ਸ੍ਰੀ ਗੁਰੂ ਸਮਰ ਬਿਜਯ ਬਰਨਨਾਤਮਕ ਪੰਚ ਬਿੰਸਤਮੀ ਪ੍ਰਾ:॥੨੫॥ਚੋ:॥ ਇਹਿ ਬਿਧਿ ਬੀਤ ਮਾਸ[4] ਦ੍ਵੈ[5] ਗਏ॥ ਪੁਰ ਪ੍ਰਵੇਸ ਕੁਉ ਬਸਤ ਨ ਆਏ॥ ਕੋਊ ਕੋਊ ਸਿੰਘ ਆਇ ਕਿਹਿ ਭਾਤੀ॥ ਦਰਸਹਿ ਸਤਗੁਰ ਪਦ ਦੁਖ ਕਾਤੀ॥੧॥ ਰਾਮ ਸਿੰਘ ਤਬਲੋ ਤਹ ਆਯੋ॥ ਇਕ ਮਗ ਛੂਤ ਮੋਰਚਾ ਪਾਯੋ॥ ਤਹ ਕੇ ਰਹੇ ਜਿ ਥਾਨੇਦਾਰਾ॥ ਸੋਇ ਗਏ ਇਤ ਤਬ ਸਰਦਾਰਾ॥੨॥ ਜਬ ਆਗਿਆ ਸਤਗੁਰ ਕੀ ਪਾਈ॥ ਗਯੋ ਹੁਤੋ ਮ੍ਰਿਗਿ ਆਹਿ ਤਰਾਈ॥ ਦਸ ਸਵਾਰ ਸੰਗ ਸੁਨ ਸਭ ਕਥਾ॥ ਪੁਨ ਪ੍ਰਵੇਸ ਪੁਰ ਕੀਨਨ ਤਥਾ॥੩॥ ਸਿੰਘਨ ਕਹੀ ਪ੍ਰਥਮ ਘਰ ਚਲੋ॥ ਪੁਨ ਪ੍ਰਭ ਦਰਸਨ ਕਰ ਅਘ ਦਲੋ॥ ਬੋਲਯੋ ਘਰ ਘਰਨੀ ਸੋ ਮਿਲਨੋ॥ ਪੁਨ ਸਾਚੇ ਗੁਰੁ ਢਿਗ ਚਲਲੋ॥੪॥ ਯਾ ਮਹਿ ਅਧਿਕ ਹੋਇ ਉਤਪਾਤਾ॥ ਨ ਜਾਨੈ ਕਸ ਤਹ ਬੁਧ ਬਾਤਾ॥ ਤਾਤੇ ਕਰ ਅਰਦਾਸ ਸਿਧਾਰੇ॥ ਦਰਸੇ ਦੀਨ ਬੰਧੁ ਦੀਦਾਰੇ॥੫॥ ਜਿਹਿ ਹਿਤ ਕਹਿ ਸ੍ਰੀ ਗੁਰ ਹਰਿ ਰਾਇ॥ ਬਕਸਿਸ ਕਰੀਰਾਜ ਸਮੁਦਾਇ॥ ਸੋ ਸਭ ਕਥਾ ਤਹਾ ਹੈ ਕਹੀ॥ ਤਾਤੇ ਇਹਾਂ ਪ੍ਰਯੋਜਨ ਨਹੀ॥੬॥ਦੋ:॥ ਕਛੂ ਰੈਨ ਬਾਕੀ ਰਹੇ ਪ੍ਰਵਿਸੇ ਆਨੰਦ ਧਾਮ॥ ਕਰ ਸਨਾਨ ਚੋਕੀ ਥਿਰੇ ਸ੍ਰੀ ਗੁਰਬਰ ਨਿਸ਼ਕਾਮ॥੭॥ਚੋ:॥ ਰਾਮ ਸਿੰਘ ਤਬ ਫਤੇ ਬੁਲਾਈ॥ ਪਦ ਰਜ ਪਨਹੀ ਮਾਥੇ ਲਾਈ॥ ਪ੍ਰਭ ਪ੍ਰਸਨ ਦੀਨੋ ਬਰਦਾਨਾ॥ ਤਵ ਘਰ ਮਮ ਘਰ ਏਕ ਸਮਾਨਾ॥੮॥ ਅਰ ਜੋ ਬਸਨ ਪਹਿਰਬੇ ਹੇਤਾ॥ ਸ੍ਰੀ ਸਤਗੁਰੁ ਜਗ ਜੇਤਾ॥ ਪੋਥੀ ਮਾਲਾ ਸਹਿਤਿਹਿਕਾਲਾ॥ ਬਕਸੀ ਕਾਲਾ ਕੇ ਕੁਲ ਪਾਲਾ॥੯॥ ਦੀਓ ਹੁਕਮ ਨਾਮੋ ਤਬ ਤਾਹੀ॥ ਤਿਨਕੇ ਆਲਾ ਸਿੰਘ ਗੁਨ ਗਾਹੀ॥ ਤਾਕੋ ਭਯੋ ਸਰਦੂਲ ਸਿੰਘ ਬਰ॥ ਤਾਕੇ ਅਮਰ ਸਿੰਘ ਨ੍ਰਿਪ ਸੁਖ ਕਰ॥੧੦॥ ਜਾਕੇ ਕਬਹੁ ਜੰਗ ਕੇ ਮਾਹੀ॥ ਸਿੰਘ ਕਹੀ ਬਨੀ ਬਿਧਿ ਨਾਹੀ॥ ਜੋ ਦ੍ਵੈ ਘਟਿ ਕਾ ਸੂਰਜ ਰਹੈ॥ ਤੋ ਹਮ ਜੀਤਹਿ ਭੂਪਤਿ ਯਹੈ॥੧੧॥ ਅਮਰ ਸਿੰਘ ਨ੍ਰਿਪ ਕਹਿ ਅਬ ਲਰੋ॥ ਗੁਰੁ ਸਰਧਾ ਪੂਰਕ ਉਰ ਧਰੋ॥ ਆਪ ਪਾਰ ਸ੍ਰੀ ਸੁਖਮਨੀ

---

1. ਸੋਦਰ ਬਾਣੀ, 2. ਪੜ੍ਹ, 3. ਸ਼ਾਮ, 4. ਮਹੀਨੇ, 5. ਦੋ

ਕੀਨਾ॥ ਦੈ ਘਟਿਕਾ ਦਿਨ ਬਢਤ ਚੀਨਾ॥੧੨॥ ਬਿਦਿਤ ਕਥਾ ਯਹ ਗਸਤ ਮਝਾਰੀ॥ ਜਾਨਤ ਆਸ ਮੰਤ ਨਰ ਨਾਰੀ॥ ਤਿਨ ਕੇ ਸਾਹਿਬ ਸਿੰਘ ਸੁਜਾਨਾ॥ ਤਿਨ ਕੇ ਕਰਮ ਸਿੰਘ ਬਲਾਵਾਨਾ॥੧੩॥ਦੋ:॥ ਕਰਮ ਸਿੰਘ ਨ੍ਰਿਪ ਕੇ ਭਯੋ ਸ੍ਰੀ ਨਰੇਦ੍ਰ ਸਿੰਘ ਸੂਰ॥ ਜਿਨ ਕਲਿ ਬਿਕ੍ਰਮ ਭੋਜ ਸੋ ਕੀਨੋ ਜਸ ਭਰਪੂਰ॥੧੪॥ਚੋ:॥ ਕਬਿ ਕੋ ਬਿਦ ਕਰ ਕਰ ਸਨਮਾਨ॥ ਕੀਨ ਨਗਰ ਤੀਰਥ ਸਮ ਜਾਨ॥ ਸ੍ਰੀ ਕਾਂਸੀ ਮਹਿ ਜਹਿ ਗੁਰ ਗਏ॥ ਕੋਠਾ ਸਬਦ ਬਚਨ ਜਾ ਭਏ॥੧੫॥ ਬੜੀ ਸੁ ਸੰਗਤ ਦਰਸਨ ਕੀਨਾ॥ ਸੀਸ ਮਹਲ ਬਨਵਾਇ ਸੁ ਦੀਨਾ॥ ਮਮ ਭ੍ਰਾਤਹਿ ਕਰ ਅਤਿ ਸਨਮਾਨਾ॥ ਸ੍ਰੀ ਬਸੰਤ ਸਿੰਘ ਲਖ ਗੁਨਖਾਨਾ॥੧੬॥ ਅਪਨੇ ਨਗਰ ਸਪ੍ਰੀਤ ਬਜਾਏ॥ ਸਭ ਬਿਧਿ ਸਜ ਸੇਵਾ ਹਰ ਖਾਇ॥ ਕਾਲ ਬਲੀ ਤਿਹਿ ਰਹਨ ਨ ਦੀਨਾ॥ ਭੂਪ ਮਹੇਦ੍ ਸਿੰਘ ਤਬ ਕੀਨਾ॥੧੭॥ ਲਘੁ ਬਯ ਸੋਊ ਸਰਗ ਪਧਾਰੇ॥ ਅਬ ਰਜੇਦ੍ ਸਿੰਘ ਖਿਤਪਤਿ ਧਾਰੇ॥ ਬਾਲ ਬਹਿਕ੍ਰਮ ਗਾਦੀ ਪਾਈ॥ ਨ੍ਰਿਪਤਾ ਰੀਤ ਸਕਲ ਬਿਦ ਤਾਈ॥੧੮॥ ਫਿਰੰਗੀਨ ਕੀ ਆਇਸ ਮਾਹੀ॥ ਪਾਲਤ ਕੌਸਲ ਨ੍ਰਿ ਪਤਾ ਤਾਹੀ॥ ਇਹਿ ਬਿਧਿ ਰਾਮ ਸਿੰਘ ਕੀ ਕਥਾ॥ ਸੁਨਹੁ ਸੁਮਤਿ ਸਭ ਉਰ ਭ੍ਰਮ ਮਥਾ॥੧੯॥ ਜਾਦਵ ਕੁਲ ਜਾਟਲ ਮਹਿ ਮਿਲੇ॥ ਪ੍ਰਗਟ ਅਹੈ ਬੈਰਾੜ ਸੁ ਅਲੇ॥ ਇਨ ਕੀ ਕਥਾ ਅਧਿਕ ਬਿਸਤਾਰਾ॥ ਦਾਦਸ ਮੰਡਲ ਮਹਿ ਨਿਰਧਾਰਾ॥੨੦॥

ਸਾਖੀ॥੧੭੮॥ਦੋ:॥ ਏਕ ਕਨੈਯੋ[1] ਸੰਤ ਕੀ ਸੁਨਹੁ ਕਥਾ ਚਿਤ ਲਾਇ॥ ਸਤਗੁਰੁ ਪਦ ਪ੍ਰੇਮੀ ਪਰਮ ਮੁਕਤ ਸਰੂਪ ਸੁਭਾਇ॥੧॥ਚੋ:॥ ਜਲ ਕੀ ਗਾਗਰ ਭਰ ਭਰ ਲਯਾਵੈ॥ ਸਿੰਘਨ ਕੋ ਮੋਰਚਨ ਪਿਲਾਵੈ॥ ਤਯੋ ਹੀ ਤੁਰਕਨ ਦਿਸ ਚਲ ਜਾਈ॥ ਤਿਨਿ ਹੂੰ ਕਹਿ ਜਲ ਦੇਤ ਛਕਾਈ॥੨॥ ਸਿੰਘਨ ਕਈ ਬਾਰ ਤਿਹ ਬਰਜਾ[2]॥ ਨਹਿਮਾਨਹਿ ਸੁਮਸਤ ਨਿਜ ਸਰਚਾ॥ ਤਬ ਪੁਕਾਰ[3] ਤਾਪਰ ਮਿਲ ਕਰੀ॥ ਸੁਨ ਸਾਚੇ ਸਤਗੁਰ ਨਰ ਹਰੀ[4]॥ ਨਿਕਟ ਬੁਲਾਇ ਕਨੈਯਾ ਲਿਓ॥ ਕਯੋ ਤੁਮ ਤੁਰਕਨ ਕਹਿ ਜਲ ਦੀਓ॥ ਬੋਲਿਓ ਕਤ ਤੁਰਕਨ ਜਾਨੋ॥ ਏਕ ਸਰੂਪ ਆਪ ਕੋ ਮਾਨੋ॥੩॥ ਜਹੰ ਜਹੰ ਲਖਹੁ ਦੇਹੁ ਜਲ ਜਾਈ॥ ਸਿੰਘ ਤੁਰਕ ਮੁਹਿ ਪਰ ਨ ਲਖਾਈ[5]॥ ਘਟ ਘਟ ਬਾਸ ਤੂੰ ਅਬਨਾਸੀ॥ ਕਰਤ ਚਲਿਤ੍ ਚਾਰੁ ਸੁਖ ਰਾਸੀ॥ ਬੈਰ ਬਿਰੋਧ ਈਰਖਾ ਕਰਾ॥੪॥ ਆਪ ਉਪਾਇ ਖਪਾਇ ਦਯਾਲਾ॥ ਅਘਹਿ ਕਰਹੁ ਚਰਿਤ੍ ਰਸਾਲਾ॥ ਤੁਰਕ ਜਾਨ ਅਰੁ ਅਰਿਧ ਰਜੀਆ॥ ਕਬਹੁ ਨਾਥ ਮੈਨਹਿ ਜਲ ਦੀਆ॥੫॥ ਸਤਗੁਰ ਕਹੀ ਸਾਧ ਬ੍ਰਹਮ ਗਿਆਨੀ॥ ਅਹਹਿ ਕਨੈ ਯਾਪੈ ਮਨਿ ਸਾਨੀ॥ ਇਨ ਕਹਿ ਸਭ ਮਾਨਹੁ ਗੁਰ ਧਯਾਰੇ॥ ਤ੍ਰਿਗੁਨ ਅਤੀਤ[6] ਅਵਸਥਾ ਵਾਰੇ॥੬॥ ਇਨਕੋ ਪੰਥ ਪ੍ਰਚੁਰ ਜਗ ਹ੍ਵੈ ਹੈ॥ ਭਲੇ ਭਲੇ ਸਭ ਸੰਤ ਕਹੈ ਹੈ॥ ਤਾਕੇ

---

1. ਭਾਈ ਘਣੱਈਆ, 2. ਵਰਜਿਤ ਕੀਤਾ, ਰੋਕਿਆ, 3. ਉਸ ਦੀ ਸ਼ਕਾਇਤ, 4. ਪ੍ਰਭੂ ਰੂਪ, ਗੁਰੂ ਗੋਬਿੰਦ ਸਿੰਘ, 5. ਬਿਗਾਨੇ ਨਹੀਂ ਜਾਪਦੇ, 6. ਤਿਨਾਂ ਗੁਣਾਂ ਤੋਂ ਉਪਰ ਦੀ ਅਵਸਥਾ

ਅਡਨ[1] ਸਾਹੀ ਭਏ॥ ਬਾਬਾ ਸਾਹਿਬ ਸਿੰਘ ਜਬ ਜਏ॥੭॥ ਤਬ ਤੇ ਅਧਿਕ ਬਧਯੋ ਸੁ ਪ੍ਰਤਾਪਾ॥ ਅੰਮ੍ਰਿਤਸਰ ਮੈਹਿਬਾਸਤ ਅਤਾਪਾ॥ ਸਿੰਘ ਸਹਜ ਧਾਰੀ ਦੁਊ ਅਹੈ॥ ਅਡਨ ਸਾਹੀ ਨਿਜ ਕਹਿ ਕਹੈ॥੮॥ ਉਦਯਮ ਕਰ ਧਨ ਗਨ ਆਨੈ॥ ਛਕ ਛਕਾਇ ਅਤਹੀ ਹਿਤ ਸਾਨੈ॥ ਕਥਾ ਕਨੈਯਾ ਸੰਤ ਸੁਜਾਨਾ॥ ਪਢਤ ਸੁਨਤ ਕਲਿ ਕਲ ਮਲ ਹਾਨਾ॥੯॥

ਸਾਖੀ॥੧੭੯॥ਚੌ:॥ ਇਹਿ ਬਿਧਿ ਕੇਤਕ ਕਾਲ ਬਤਾਯੋ॥ ਬਿਨਾ ਅੰਨ ਸਭ ਜਿਅ ਘਬਰਾਯੋ॥ ਬੀਸ ਤੀਸ ਕੋਸਨ[2] ਕੇ ਅੰਦਰ ਲਸਕਰ ਪਰਯੋ ਨ ਨਿਕਸਨਹਿਤਬਰ॥੧॥ ਘਾਤ ਲਗਾਇ ਸੇਰ ਸਿੰਘ ਲੀਨੀ॥ ਮਿਲਿ ਸਿੰਘਨ ਸੰਗ ਮਸਲਤ ਕੀਨੀ॥ ਸਸਤ੍ਰ ਬਸਤ੍ਰ ਸਜ ਕਰ ਸਭ ਚਲੇ॥ ਔਚ ਕਲਏ ਲੂਟਨ ਕਰ ਦਲੇ॥੨॥ ਅੰਨ ਆਦਿ ਬਸਤ ਸਮਦਾਈ॥ ਲੀਨੀ ਤਬ ਹਿਤੂ ਰੰਗਨ ਪਾਈ॥ ਇਤ ਉਤ ਸਿੰਘ ਲਰਤ ਸਮੁ ਰਾਏ॥ ਅੰਨ ਲੂਟ ਆਨੰਦਪੁਰ ਆਏ॥੩॥ ਕਛੂ ਕ ਕਾਲ ਇਹ ਭਾਤ ਬਤਾਯੋ॥ ਅੰਨ ਬਿਨਾ ਪੁਨ ਪੁਰ ਬਿਕਲਾਯੋ॥੪॥ ਸੇਰ ਸਿੰਘ ਆਦਿਕ ਸਰਦਾਰਾ॥ ਲਹਲਹਿ ਘਾਤ ਕਰਹਿ ਇਹਿ ਕਾਰਾ॥ ਲੇਆਵਹਿਸੁ ਅੰਨ ਭਲ ਭਾਂਤੀ॥ ਕਰਹਿ ਸੁ ਪੁਨ ਗੁਜਰਾਨ[3] ਸਮਾਤੀ॥੫॥ ਗੁਰ ਸਨ ਸਰਬ ਬ੍ਰਿਤੰਤ[4] ਸੁਨਾਯੋ॥ ਸਤਗੁਰੁ ਕਹਯੋ ਭਲੋ ਕਿਅ ਆਯੋ॥ ਪੈ ਲਖ ਘਾਤ ਜਾਹੁ ਦਲ ਮਾਹੀ॥ ਸਰਬ ਭਾਤ ਸਵਧਾਨ ਸਦਾਹੀ॥੬॥**ਦੋ:॥** ਜੋ ਕਛੂ ਆਨਹੁ ਅੰਨ ਬਰਛ ਕਹ ਧਾਰ ਸੰਤੋਖਾ॥ ਸਤ ਬਿਧਿ ਸੋ ਸਮਝਹੁ ਧਨੀ ਸਿੰਘ ਹੁ ਅਪਨੀ ਮੋਖਾ॥੭॥

ਸਾਖੀ॥੧੮੦॥ਦੋ:॥ ਜੁਧ ਹੋਤ ਕਬ ਕਬ ਅਧਿਕ ਆਪਸ ਮਹਿ ਰਿਸ[5] ਧਾਰ॥ ਮਾਰਤ ਮਰਤ ਅਨੇਕ ਨਰ ਅਨਿਕ ਭਾਤ ਰਿਪਮਾਰ॥੧॥ ਏਕ ਬਾਰ ਇਕ ਸਿਖ ਕਹੁ ਘਾਇਲ ਗਹਿ ਗਯੋ ਖੇਤ॥ ਤੁਰਕਲ ਸਹਿ ਤਾਕੋ ਲਿਯੋ ਮਾਨਯੋ ਹਰਖ ਅਨੇਤ॥੨॥**ਚੌ:॥** ਤੁਰਕਨ ਕੇ ਕਰ ਮਹਿ ਜਬ ਆਯੋ॥ ਕਲਮਾ ਤਾਕੋ ਤਬਹਿ ਪਢਾਯੋ॥ ਤੁਰਤਹਿ ਤਾਕੀ ਸੁਨਤ ਕਰੀ॥ ਕੇਸ ਬ੍ ਕੇਸੇ ਚਿਹਨ ਸਭ ਹਰੀ॥੩॥ ਖਾਨਾ ਅਪਨੇ ਸੰਗ ਖਵਾਯੋ॥ ਸਰਬ ਭਾਂਤ ਤੇ ਤੁਰਕਬਨਾਯੋ॥ ਕਰ ਬਰ ਭ੍ਰਸ ਛੋਰ ਪੁਨ ਦੀਓ॥ ਆਨੰਦਪੁਰ ਤਿਨ ਆਵਨ ਕੀਓ॥੪॥ ਸਤਗੁਰੁ ਪਦ ਸਮੀਪ ਸਭ ਕਹੀ॥ ਤੁਰਕਨ ਮਮ ਅਸ ਕੁਦਸਾ ਚਹੀ॥ ਅਬ ਮੈ ਬਕਸਨ ਜੋਗ ਨਾ ਰਹਾ॥ ਚਿਤਾ ਬਨਾਇ ਜਰਹੁ ਜਿਮ ਚਾਹਾ॥੫॥ ਦੀਨ ਬੰਧੁ ਨਿਜ ਤੀਰ ਬਲਾਯੋ॥ ਕਹਯੋ ਕਹਹੁ ਚਿਤ ਸਤ ਬਚ ਭਾਯੋ॥ ਨਿਜ ਭਾਵਨੀ ਤੁਰਕ ਤੂੰ ਭਯੋ॥ ਕੈਸੋ ਤਿਨ ਜਬਰੀ ਕਛੂ ਕਯੋ॥੬॥ ਕਹੀ ਸਿੰਘ ਪਦ ਸਪਥ ਸਮਾਜਾ॥ ਜਬਰੀ ਕਰੀ ਤੁਰਕ ਦਲ ਰਾਜਾ॥ ਤਾਕੋ ਪ੍ਰਭੂ ਬਕਸਯੋ ਸੁਖਮਾਨਾ॥ ਤਾਕਰ ਤੇ ਦਿਅਸਭ ਜਲ ਪਾਨਾ॥੭॥ ਕਹੀ ਕਿ ਸੁਨਹੁ ਸਿੰਘ ਸਭਭਾਈ॥ ਰਾਖਹੁ ਕਰ ਅਪਨੀ ਤਕਰਾਈ॥ ਸਿੰਘ ਹੋਇ ਤੁਰਕਨ[6] ਸਨ ਰਮੈ॥ ਸੋ ਨ ਹੋਇ ਪੁਨ ਗੁਰੁ ਮੁਖ ਗਨੈ॥੮॥**ਦੋ:॥** ਧਰਮ ਭ੍ਰਸਟ ਜਸ

---

1. ਅਡਣ ਸ਼ਾਹੀ ਪਰੰਪਰਾ, 2. ਵੀਹ ਤੀਹ ਕੋਹਾਂ ਵਿਚ, 3. ਗੁਜ਼ਾਰਾ, 4. ਹਾਲ, 5. ਗੁੱਸੇ, 6. ਮੁਸਲਮਾਨ

ਰਤਿ ਕਿਏ ਹੋਤ ਸੁਨਹੁ ਮਮ ਦਾਸ॥ ਤਸਨ ਹੋਤ ਭੋਜਨ ਕੀਏ ਸੁੰਨਤ ਕੀਏ ਪ੍ਰਕਾਸ਼॥੬॥ਚੋ:॥ ਮੇਰੋ ਹੈ ਤੁਰਕਨਿ ਸੰਗ ਕਰੈ॥ ਤਾਕੋ ਨਾਹਿ ਬਕਸਬੋ ਕਰੈ॥ ਪ੍ਰਤਿਅ ਗਾਮੀ ਬਕਸ ਨ ਕੀਜੈ॥ ਤੁਰਕਨਿ ਸੰਗੀ ਸੰਗਨ ਦੀਜੈ॥੧੦॥ ਕਹੂ ਕਹੀ ਤੁਰਕ ਜੁ ਅਭਾਗੇ॥ ਹਿੰਦੁ ਕਰਨ ਨਗ ਮੰਨ ਸੋ ਲਾਗੇ॥ ਤਾਕੋ ਪਲਟਾ ਹਿੰਦੂ ਕਰੈ॥ ਕਸੋ ਤੇਨਹਿ ਬਕਸਹਿ ਪ੍ਰਭ ਰਹੈ॥੧੧॥ ਸ੍ਰੀ ਪ੍ਰਭ ਕਹੀ ਪੰਥ ਯਹ ਮੇਰੋ॥ ਜੈਹੈ ਊਚ ਸਥਾਨ ਸੁਹੇਰੇ॥ ਨਹਿ ਗਤਿ ਅਰਧ ਕਬਹੁ ਹਮ ਦੈ ਹੈ॥ ਨੀਚ ਕਰਮ ਮਹਿ ਪ੍ਰਥਿਤਨ ਕੈਹੈਂ॥੧੨॥ ਨੀਚ ਤੁਰਕ ਸੰਗ ਅਤਿ ਦੁਖਦਾਈ॥ ਭੂਲਿਹੁ ਕਰੀ ਅਨ ਮਮ ਮਤ ਭਾਈ॥ ਤਾ ਦਿਨ ਤੇ ਸਭ ਸਤਗੁਰੁ ਪਯਾਰੇ॥ ਰਹਹਿ ਭਰਤ ਅਤਿ ਉਰ ਭਯ ਧਾਰੇ॥੧੩॥

ਸਾਖੀ॥੧੮੧॥ਚੋ:॥ ਪੁਨ ਪ੍ਰਭੂ ਐਸੋ ਚਰਿਤ ਬਨਾਯੋ॥ ਸਭ ਸਾਮਾਨ ਸਤ[1] ਦ੍ਰਵ ਪਾਯੋ॥ ਭਸਮ ਬਸਨ ਕਰ ਸਭੂ ਸੁਨਿਕਾਰੇ॥ ਆਯੁਧਡਾਰਤ ਸੁ ਜਲ ਮੰਝਾਰੇ॥੧॥ ਪਾਉ ਅੰਨ ਪਾਵਹਿ ਸਭ ਪ੍ਰੇਮੀ॥ ਦੁਖ ਭੂਖ ਬਰਤੀ ਸੰਗਤ ਨੇਮੀ॥ ਲਰਨ ਮਰਨ ਸਭ ਹਨ ਉਰ ਆਨਾ॥ ਕਰਤ ਸਮਰ ਨਹਿ ਉਰ ਭਯਮਾਨਾ॥੨॥ ਮਤਾ ਮਹਾਂ ਕਸਟ ਯਹ ਹੇਰੀ॥ ਰਹਿਨ ਜਾਤ ਡਰਿ ਕਰਤਨ ਹੇਰੀ॥ ਬਾਰ ਬਾਰ ਉਹ ਅਤਿ ਅਕਲਾਈ॥ ਬਿਰਧਾ ਤਨ ਸਮੀਪ ਸੁਤ ਆਈ॥੩॥ ਡਰ ਧਰ ਕਰਨ ਲਗੀ ਰਿਸਧਾਰੀ॥ ਕਿਓ ਖਾਲਸਾ ਸੁਤ ਸਮ ਝਾਰੀ॥ ਪੁਨ ਕਤ ਕੋਪ ਆਪ ਅਨੁਮਾਨਾ॥ ਭੋਜਨ ਹੂ ਨਹਿ ਮਿਲਹਿ ਮਹਾਨਾ॥੪॥ ਪ੍ਰਥਮ ਮਸੰਦ ਸਰਬ ਮਰਵਾਏ॥ ਨਿਜ ਧਨ ਸਭ ਸਤ ਦ੍ਰਵ ਮਹਿ ਪਾਏ॥ ਮਮ ਧਨ ਸਾਪ ਦੇਇ ਬਿਨ ਸਾਯੋ॥ ਪੁਨੁ ਸੰਗ੍ਰਹ ਧਨ ਅਬ ਜਲ ਪਾਯੋ॥੫॥ ਦੂਰਦੂਰ ਸਭ ਸੈਨਾ ਪਰੀ॥ ਇਤ ਦੁਖ ਭੂਖ ਬਰਤੀ ਰਿਸਧਾਰੀ॥ ਛਮਹੁ ਆਪ ਅਬ ਸੰਗਤ ਸਾਂਤਾ॥ ਸਭ ਕੀ ਦਿਸ ਤੇ ਬੋਲਤ ਮਾਤਾ॥੬॥ ਬੜੇ ਗੁਰਨ ਕੇ ਭਏ ਅਖਾੜੇ॥ ਅਸਨਹਿ ਕਬਹੁ ਕਸ ਹਮ ਧਾਰੇ॥ ਜੋ ਮਾਰੇ ਭੂਖਨ ਮਰਿਜੈਹੈ॥ ਹੇ ਬੇਟਾ ਕਿਮਿ ਜੰਗ ਮਚੈਹੈ॥੭॥ ਸੁਨ ਸਤਗੁਰੁ ਢਿਗ ਮਾਤ ਬਿਠਾਈ॥ ਪਦਨ ਪਰਸ ਬਹੁ ਬਿਧਿ ਸਮਝਾਈ॥ ਮੈ ਅਸ ਕੇਤ ਪੁਤ੍ਰ ਸੁਨ ਮਾਈ॥ ਤਿਨਕੀ ਆਇਸਕਰਤ ਸਦਾਈ॥੮॥ ਜਿਮਿ ਬਿਖੁ ਦੇਤ ਮਾਤ ਸੁਤ ਨਾਹੀ॥ ਅਨਕ ਜਤਨ ਤੇ ਰਾਖਤ ਤਾਹੀ॥ ਅਬ ਸਬ ਸਿੰਘ ਕਰਤ ਤਪ ਭਾਰੀ॥ ਜੋ ਸਹੰਸ੍ਰ ਜੁਗ ਮਹਿ ਨਿਰਧਾਰੀ॥੯॥ ਮਾਸ ਦਿਤਾ ਤੇ ਪੂਜਾਧਾਨਨ ਦੈਹੋ॥ ਸੁਧ ਹੋਇ ਤਬ ਲੇਹਿ ਖਾਲਸਾ॥ ਕਰ ਕਰ ਮੇਰੀ ਪੂਰ ਲਾਲਸਾ॥ ਅਬ ਧਨ ਗੁਰੁ ਘਰ ਮਰਜੀ ਨਾਹੀ॥ ਰੋਕਯੋ ਸਤ ਦ੍ਰਵ ਪਾਵਨ ਮਾਹੀ॥੧੨॥ਚੋ:॥ ਪਸਿਚਮ[2] ਤੇ ਉਠ ਖਾਲਸਾ ਜੀ ਚਮਕੈ ਪੂਰਬ ਪੰਥ॥ ਦੁਰੈ ਦੁਸਟ ਸਭ ਪਰਬਤੀ ਮੋਨ ਮੋਰ ਜੀ ਕੁ ਪੰਥ॥੧੩॥ ਖਾਲਸਾ ਮਿਲੈ ਮੇਲ ਕਰ ਖਾਲਸਾ ਪੂਰੇ ਦਿਵਸ॥

---

1. ਸਤਲੁਜ,
2. ਪੱਛਮ ਵਲੋਂ

ਮਿਤ੍ਰ ਮੋਲਵੀ ਮੋਰ ਜੀ ਗੋਰੇ ਸੁੰਨੀਵਧ॥੧੪॥ ਬਲੀ ਹੋਇਗੋ ਖਾਲਸਾਤੁਰਕ ਤੋਰੇਗੋ ਮੋਨ॥ ਲੂਟੇਗਾਉ ਪਰਜਾ ਦੁਖੀ ਨਯਾਉ ਜਾਇਗ੍ਰਾ ਔਨ॥੧੫॥ ਸਿਖਣੀਆ ਬਿਭਚਾਰਣੀ ਪੁਰਖ ਤੁਰਕ ਕੀ ਆਸ॥ ਤਾ ਦਿਨ ਉਪਜੇ ਖਾਲਸਾ ਸਭ ਬਰਨੋ ਕਹ ਪਯਾਸ॥੧੬॥ ਸੁਨ ਕੈ ਮਾਤਾ ਤੂੰਸਨੀ ਨਹਿ ਬੋਲੀ ਸੁਤ ਹੇਰ॥ ਅੰਤਰਜਾਮੀ ਜਾਨ ਕੈ ਸ੍ਰੀ ਮੁਖ ਤੇ ਕਹ ਫੇਰ॥੧੭॥ ਪਯਾਰੋ ਧਨ ਹੈ ਮਾਤ ਕੋ ਯਹ ਜਾਨੀ ਅਬ ਜਾਇ॥ ਰਹਣ ਦੇਉ ਪਰਵਾਰ ਕੋ ਬਧਨ ਦੇਤ ਨਹਿ ਕਾਇ॥੧੮॥

ਸਾਖੀ॥੧੮੨॥ ਲਲਿਤ ਪਦਿ॥ ਸਿੰਘਨ ਮਨ ਹੰਕਾਰ ਭਯੋ ਕਬ ਸ੍ਰੀ ਸਤਗੁਰੁ ਸਭ ਜਾਨੀ॥ ਹ੍ਵੈ ਸੁਚੇਤ ਆਗੇ ਬਢ ਨਿਕਸੇ ਸੈਨ ਸੰਗ ਸਿੰਘ ਸਯਾਨੀ॥ ਜਬ ਘਮੰਡ ਘੇ ਰਾਉ ਮਡਾਨੋਤ ਪ੍ਰਭ ਪੁਰੀ ਪਧਾਰੇ॥ ਸਿੰਘਨ ਕੇਤਹੁ ਪੈਰ ਟਿਕੇ ਨਹਿ ਆਏ ਭਾਜ ਬਿਚਾਰੇ ॥੨॥ ਕਰਨ ਲਗੇ ਚਿੰਤਾ ਗੁਰੁ ਆਗੇ ਗਯੋ ਪਦਾਰਥ ਸਾਰੇ॥ ਭਾਨਾ ਕੈਸੋ ਬਰਤਰ ਰਹਯੋ ਹੈ ਸਮਝਯੋ ਯਾ ਤਨ ਭਾਰੇ॥੨॥ ਆਲਮ ਸਿੰਘ ਤੇ ਲੀਕ ਖਚਾਈ ਪੁਨ ਤਿਨ ਕਰ ਮਿਟਵਾਈ॥ ਹਰਖ ਸੋਕ ਕਹੁ ਕਹਾ ਭਯੋ ਤਿਨ ਕਹੀ ਸੋਕ ਨਹਿ ਗਈ॥੨॥ ਦੀਨ ਬੰਧ ਬੋਲੇ ਹੇ ਗੁਰਮੁਖ ਤਥਾ ਸੋਕ ਮੁਹਿ ਨਾਹੀ॥ ਮਾਯਾ ਆਵਨ ਜਾਨੇ ਹਾਰੀ ਥਿਰਨਹਿ ਰਹਤ ਕਹਾਹੀ॥ ਭਾਨਾ ਵਾਹਿਗੁਰੂ ਕੋ ਮਾਨਾਜੋ ਭਾਨਾਸੋ ਠਾਨਾ॥ ਕਤ ਸੰਦੇਹ ਕਰਤ ਹੋ ਉਰ ਮੈ ਕਰਤਪ ਬ੍ਰਤਨੁਠਾਨਾ॥੩॥ਦੋ:॥ ਹਰਖ ਸੋਕ ਕਾ ਦੇਹੁਰਾ ਖਿਨ ਆਵੈ ਖਿਨ ਜਾਇ॥ ਜੇ ਜਾਗੇ ਤੇ ਸੁਖੀ ਹੈ ਸੋਗੀ ਤੇ ਦੁਖ ਪਾਇ॥੪॥ ਨਾਮ ਧਿਆਓ ਸਬਦ ਕੋ ਅਰਥ ਬਿਚਾਰੋ ਨਿਤ॥ ਗੁਰਬਾਨੀ ਸਿਖਯਾ ਜਿਨਾ ਤਿਨਾ ਨ ਸੋਗੀ ਮਿਤ॥੫॥ ਮਲ ਮਲ ਨਾਈ ਕਾਮਨੀ ਖੋੜਸ ਕਰੇ ਸਿੰਗਾਰ॥ ਖਸਮ ਨ ਭਾਣੀ ਕਹਾ ਫਲ ਸਰਮਿੰਦੀ ਸੋ ਨਾਰਿ॥੬॥ ਗੁਰੂ ਜੁ ਆਇਆ ਨਾਮ ਧਰ ਲਹਰੀ ਲੁਭਕੀ ਦੂਰ॥ ਸੋਈ ਸਿਖ ਭਾਣਾ ਧਰੇ ਗੁਰ ਕੇ ਸਦਾ ਹਜੂਰ॥੭॥ ਲਲਿਤ ਪਦ॥ ਕਹੀ ਖਾਲਸੇ ਜੋਰ ਜਾਇ ਫਿਰ ਰਹੇ ਮੋਰਚਨ ਤੈਸੇ॥ ਦੂਜੇ ਦਿਨ ਪ੍ਰਭ ਤਯਾਰੀ ਕੀਨੀ ਜੰਗ ਕਰਨਕੀ ਵੈਸੇ॥ ਕਛੂਕ ਸਿੰਘ ਲੈ ਅਗ੍ਰ ਜਾਇ ਰਣਜਿਤ ਨਗਾਰਾ ਬਜਵਾਯੋ॥ ਸੂਰਨ ਕੇ ਮੁਖ ਲਾਲੀ ਛਾਈ ਕਾਇਰ[1] ਭਾਜ ਪਲਾਯੋ॥੮॥ ਜੋ ਕੋਊ ਆਨ ਅਰਯੋ ਤਬ ਆਗੇ ਮਾਰ ਛਾਰ ਕਰ ਦੀਨੋ॥ ਪਲ ਮੈ ਹਨ[2] ਸਭ ਤੁਰਕਨ ਸੈਨਾ ਸਿੰਘ ਆਨੰਦ ਲੀਨੋ॥ ਫਤੇ ਪਾਇ ਕਰ ਲੂਟ ਮੋਰਚਾ ਸਭ ਅਨੰਦਪੁਰ ਆਏ॥ ਪਿਛਲੇ ਉਰ ਕੇ ਸੋਕ ਭੁਲਾਏ ਅਤਿ ਅਨੰਦ ਬਧਾਏ॥੯॥ਚੋ:॥ ਲੂਟ ਪਹਾਰੀ ਪ੍ਰਥਮ ਲਿਗਏ॥ ਰੋਦਤ ਸਿੰਘ ਦੁਖਿਤ ਅਤਿ ਭਏ॥ ਸਤ ਗੁਰ ਪੁਨ ਕਰ ਜੰਗ ਪ੍ਰਕਾਸਾ॥ ਭ੍ਰਮਤਮ ਸਿੰਘਨ ਸਰਬ ਨਿਵਾਸਾ॥੧੦॥ ਜਿਮਿ ਬਾਲਕ ਕਹਿ ਕਛੂ ਦੁਖ ਹੋਇ॥ ਚੇਤ ਮਾਤ

---

1. ਡਰਪੋਕ,
2. ਮਾਰ ਕੇ

ਔਸਧਿ[1] ਕਟ ਸੋਇ॥ ਮਾਤਾ ਮਨ ਆਨੰਦ ਕੀ ਆਸਾ॥ ਬਾਲਕ ਦੁਖਿਤ ਸਤ੍ਰ ਸਮ ਭਾਸਾ॥੧੧॥ ਤਿਮਿ ਸ੍ਰੀ ਸਤਗੁਰੁ ਅਚਰਜ ਕੀਨਾ॥ ਜਾਕਾ ਅੰਤ ਨਾ ਕਾਂਹੂ ਚੀਨਾ॥ ਜੋਨ ਸੁਰਾ ਸੁਰ ਕਾਹੂੰ ਪਾਯਾ॥ ਸੋ ਗੁਰੁ ਗੋਬਿੰਦ ਸਿੰਘ ਕਹਾਯਾ॥੧੨॥

ਸਾਖੀ॥੧੮੩॥ਚੌ:॥ ਮਨ ਬਾਨੀ ਤੇ ਅਗਮ[2] ਅਗਾਧਾ॥ ਅਜਰ[3] ਅਮਰ ਅਜਅਨਤ ਅਬਾਧਾ॥ ਜਾਸੁ ਹੁਕਮ ਮਾਨਤ ਸੁਰਰਾਈ॥ ਕਰਤ ਨਾਟਯ ਨਰ ਬਰ ਗਨ ਆਈ॥੧॥ ਏਕ ਬਾਰ ਤੁਰਕਨ ਜਲ ਰੋਕਾ॥ ਤਬ ਸਭ ਸਿੰਘ ਅਤਿ ਕਿਅ ਸੋਕਾ॥ ਸ੍ਰੀ ਪ੍ਰਭ ਸਰ ਨਿਖੰਗ ਤੇ ਦੀਨਾ॥ ਅਰ ਇਹਿ ਬਿਧਿ ਸੁ ਬਚਨ ਬਰ ਕੀਨਾ॥੨॥ ਬਹੁਤ ਕਾਲ ਤੋ ਤਵ ਤਟ ਬਸੇ॥ ਅਬ ਅਰਿ ਊਪਰ ਅਪਨੇ ਰਿਸੇ॥ ਤਟ ਤਵ ਰਹਆ ਦਯਾ ਪ੍ਰਗਟਾਨੀ॥ ਰਚਯੋ ਪੰਥ ਅਧਿਕ ਬਲ ਧਾਨੀ॥੩॥ ਤਾ;ਤੇ ਕਰਹਿ ਮਾਯਤੀ ਆਵਹੂ॥ ਨਾਮਹਿ ਪਾਇ ਤਨਿਜ ਧਰਵਾਵਹੁ॥ ਸੋ ਲੈ ਗਯੋ ਤੀਰ ਤਟ ਜਬਹੀ॥ ਸਭ ਬਿਧਿ ਕਹੀ ਸੰਪੂਰਨ ਤਬ ਹੀ॥੪॥ ਪਾਛੇ ਨਹਿ ਹੇਰ ਹੇਰਹਿਯਹ ਬਚਨਾ॥ ਦਯੋ ਬਿਸਾਰ ਲਖਯੋ ਤਬ ਰਚਨਾ॥ ਹਾਥ ਜੋਰ ਕੈ ਪਾਛੈ ਮੋਰਾ॥ ਕਹੁਨਸ ਹੈ ਯਹੁ ਪੁਰ ਪੋਰਾ॥੫॥ਦੋ:॥ ਜਬ ਏਤੋ ਜਲ ਨਗਰ ਮਹਿ ਜੇ ਹੈ ਜੀਅ ਪਛਾਨਾ॥ ਤਬਸਬ ਨਰ ਕਿਮਿ ਬਚਹਿਗੇ ਜੇ ਭੂਖੇ ਜਲਧਾਨ॥੬॥ਚੌ:॥ ਧਾਰ ਸਤਦ੍ਰਵ[4] ਪਾਛੇ ਗਈ॥ ਆਨ ਨਿਹੰਗ ਸਿੰਘ ਸਭ ਕਹੀ॥ ਸੁਨਤ ਕਹੀ ਸਤਿਗੁਰੁ ਰਖਵਾਲੇ॥ ਐਹੇ ਪੁਨ ਪਥਰਾਜ ਬਿਸਾਲੇ॥੭॥ ਬਨਹੈ ਪਰਮ ਮਨੋਹਰ ਘਾਟਾ॥ ਝਟਿ ਹੈ ਭਜਨ ਸੁ ਪੂਜਨ ਠਾਟਾ॥ ਦਾਨ ਮਾਨ ਸਾਨ ਪ੍ਰਤਾਪਾ॥ ਲਹਿਹੈ ਸੁਰ ਪੁਰ ਜੀਤ ਅਪਾਪਾ॥੮॥ ਆਨੰਦਪੁਰ ਸਮ ਨਗਰ ਨ ਆਨਾ॥ ਸ੍ਰੀ ਮੁਖ ਬਾਰਮਬਾਰ ਬਖਾਨਾ॥ ਮੋਰ ਜਨਮ ਥਲ ਆਲੰਦਪੁਰੀ॥ ਸ੍ਰੀ ਅੰਮ੍ਰਿਤਸਰ ਪੁਰ ਗੁਰਖੁਰੀ॥੯॥ ਅਬਚਲ ਨਗਰ ਚਾਰਏ ਧਾਮਾ॥ ਇਕ ਤੇ ਇਕ ਬੜ ਲਖਹੁ ਲਲਾਮਾ॥ ਸਿੰਘਨ ਦੇਨ ਕਸੌਟੀ ਲਾਗੇ॥ ਸਾਚੇ ਸਤਗੁਰੁ ਉਰ ਆਨ ਆਗੇ॥੨੦॥

ਸਾਖੀ॥੧੮੪॥ਚੌ:॥ ਜੋ ਫਲ ਸਾਸਤ੍ਰ ਕਰਤ ਅਭਯਾਸਾ॥ ਪੂਰਨ ਗਯਾਨ ਹੋਤ ਮਤ ਰਾਸਾ॥ ਜਪ ਤਪ ਜੋਗ ਸਾਧਨਾ ਸਾਧੀ॥ ਜੋ ਪਾਵਤ ਫਲ ਕਾਟਿ ਉਪਾਧੀ॥੧॥ ਰਿਖਿ ਬਰ ਤਪਿ ਬਰ ਕਰ ਕਰ ਦਾਨਾ॥ ਜੋਗਤਿ ਲਹਿਤਿ ਸੁਨ੍ਰਿਪ ਬਰ ਬਾਨਾ॥ ਪੰਚ ਅਗਿਨ ਜਲ ਸਯਨ ਸਮਾਨਾ॥ ਊਰਧ ਬਾਹੂ ਅਨੰਤ ਬਿਧਾਨਾ॥੨॥ ਅਗਨ ਹੋਤ੍ਰ ਅਸੁਮੇਧ ਪ੍ਰਮਾਨਾ॥ ਅਜਾ ਮੇਧ ਗਜ ਸਤ ਸਮਾਨਾ॥ ਜੋਗਤਿ ਭਗਤ ਪ੍ਰੇਮ ਕਰ ਲੇਹੀ॥ ਪੁਨਨ

---

1. ਦਵਾਈ,
2. ਸਤਲੁਜ,
3. ਨਾ ਜਰਿਆ ਜਾਣ ਵਾਲਾ,
4. ਪਹੁੰਚ ਤੋਂ ਪਰੇ

ਆਇ ਭ੍ਰਮਤਮ ਮਹਿ ਤੇਹੀ॥੩॥ ਜਿਹਿ ਖੋਜਤ ਸੁਰ[1] ਮੁਨ[2] ਗੰਧਰਬਾ[3]॥ ਜੋਗਤਿ ਪਾਇਨ ਸੁਰਨਰ ਖਰਬਾ॥ ਸੋਇ ਗਤਿ ਸਇ ਮਤਿ ਭਗਤ ਬੜੀ॥ ਦੈਨ ਚਹਿਤ ਸ੍ਰੀ ਆਨੰਦ ਗਈ॥੪॥ ਜਾਹਿ ਪਾਇ ਪੁਨ ਆਸ ਨਰਾਖੈ॥ ਬ੍ਰਹਮ ਲੋਕ ਲਗਤ ਛਹਿ ਭਾਖੈ॥ ਖੜਗ ਛੇਤ੍ਰ ਦਾਰੇ ਤਿਹਿ ਦੇਹੀ॥ ਅਦਭੁਦ ਨਾਥ ਕਸੌਟੀ ਲੇਹੀ॥੫॥ ਪੂਜਾ ਅੰਨ ਤਯਾਗ ਕਰਵਾਯੋ॥ ਜਦਯਪਿ ਆਗੇ ਅਧਿਕ ਛਕਾਯੋ॥ ਬਿਖ ਸਮਾਨ ਯਹ ਪੂਜਾ ਪਾਨਾ॥ ਯਾ ਕਹਿਛਕਹਿਨ ਸਿੰਘ ਜਵਾਨਾ॥੬॥ ਭੂਖੇ ਸਿੰਘ ਪਢੇ ਗੁਰਬਾਨੀ ਕਸੇ ਕਮਰ ਕਰਹੀਂ ਸਵਧਾਨੀ॥ ਮੁਖ ਪ੍ਰਸੰਨ ਅਤਿ ਰਾਗ ਨ ਰੋਖਾ॥ ਜੀਵਨ ਮਰਨ ਮਿਟ ਗਯੋ ਧੋਖਾ॥੭॥ ਲਾਗੀ ਲਗਨ ਪ੍ਰਭ ਪਗਨ[4] ਮਾਹੀ॥ ਤਨ ਧਨ ਜਨ ਕੀ ਸੁਧ ਨਹਿ ਕਾਹੀ॥ ਕਬਹੂੰ ਲੂਟ ਅੰਨ ਲੈ ਆਏ॥ ਕਛ ਦਿਨ ਕਰ ਗੁਜਰਾਨ[5] ਬਿਤਾਏ॥੮॥ ਪਾਊ ਅੰਨ ਗੁਰ ਘਰ ਤੇ ਮਿਲੈ॥ ਤਾਤੇ ਨਾਹਿ ਸੰਤੋਖ ਸੁਖਿਲੈ॥ ਰੁਪਏ ਸੇਰ ਅੰਨ ਪੁਰ ਨਾਹੀ॥ ਭਏ ਅਵਾਸ ਬਹੁਤ ਦਿਨ ਤਾਹੀਂ॥੯॥ ਪ੍ਰਭੂ ਪ੍ਰਸੰਨ ਲਖ ਲਖ ਯਹ ਰੀਤੀ॥ ਮੋਰ ਖਾਲਸਹਿ ਬਢਤ ਪ੍ਰਤੀਤੀ[6]॥ ਮਾਤਾਦਿਕ[7] ਮਨ ਮਹਿ ਮੁਰਝਾਵੈ॥[8] ਨਾ ਜਾ ਕਾਹੋਵੈ ਇਹ ਯਾਮੈ॥੧੦॥ ਪੁਨ ਇਕ ਦਿਨ ਸਿੰਘਨ ਅਨਆਨਾ॥ ਕੀਨੀ ਤਾਹੀ ਮੈ ਗੁਜਰਾਨਾ॥ ਮਸਤ ਰੰਗ ਗੁਰ ਪਦ ਸਦ ਪ੍ਰੇਮਾ॥ ਅਸਤ ਮਾਤ੍ਰ ਤਨ ਰਹਿ ਗਯੋ ਖੇਮਾ॥੧੧॥ ਰਕਤ ਮਾਂਸ ਸਭ ਹੀ ਤਹਿ ਸੂਕਾ॥ ਜੀਵਨ ਕੀ ਆਸਾ ਤੇ ਮੂਕਾ॥ ਪ੍ਰਭ ਪ੍ਰਸੰਨਤਾ ਮਾਹਿ ਪ੍ਰਸੰਨ॥ ਸੁਨਹਿ ਨਿਤ ਉਪਦੇਸ ਪ੍ਰਸੰਨਾ॥੧੨॥ ਰਹਤ ਧਰਮ ਅਤਿ ਕਠਨ ਬਿਧਾਨਾ॥ ਸੁਨਹਿ ਕਥਾ ਗਨ ਜੁਧ ਪ੍ਰਧਾਨਾ॥ ਦੁਖ ਭੂਖ ਬਯਾਪਤ ਕਸ ਨ ਹੋਈ॥ ਉਰ ਪੂਰਨ ਆਸਾ ਗੁਰਜੋਈ॥੧੩॥ ਕੁਊ ਭੂਖੇ ਕੋਊ ਖਾਵਹਿ ਪਾਤ॥ ਕਊ ਉਤਾਰ ਛਕ ਛੀਲਰ ਛਾਤ॥ ਕੋਊ ਲਰ ਲੂਟ ਅੰਨ ਲੈ ਖਾਵੈ॥ ਕੁਊ ਮਾਲਾ ਗਹਿ ਗੁਰੂ ਗੁਨ ਗਾਵੈ॥੧੪॥ ਕਾਲ ਭਯਟਨਿਰਖਤ ਸੁਖ ਮਾਨਹਿ॥ ਗੁਰੁ ਗੋਬਿੰਦ ਸਿੰਘ ਆਇਸ ਜਾਨਹਿ॥ ਜੰਰ ਸਮਾਨਪਰੰ ਕਹੁ ਆਈ॥ ਪਰਹਿ ਬਾਜ ਭੂਖੇ ਤਹ ਜਾਈ॥੧੫॥ ਸੀਸ ਦੇਨ ਪਰ ਪੂਰਨ ਬਾਧੇ॥ ਰਹਹਿ ਖੜੇ ਕਰ ਸਰ ਧਨ ਕਾਂਧੇ॥ ਦਯਾ ਸਿੰਘ ਆਦਿਕ ਜੇ ਪਯਾਰੇ॥ ਮੁਕੇਤ ਅਪਰ ਜਿ ਪੰਚ ਬਿਚਾਰੇ॥੧੬॥ ਉਦੈ ਸਿੰਘ ਆਲਾ

---

1. ਦੇਵਤੇ,
2. ਰਿਸ਼ੀ ਮੁਨੀ,
3. ਗੰਧ੍ਰਵ,
4. ਪ੍ਰਭੂ ਚਰਨਾਂ ਵਿਚ,
5. ਗੁਜ਼ਾਰਾ,
6. ਵਿਸ਼ਵਾਸ਼,
7. ਗੁਰੂ ਮਾਤਾ ਦੇ ਹੋਰ ਸਿੱਖ,
8. ਉਦਾਸ ਹੋਏ

ਸਿੰਘ ਸੇਰਾ॥ ਨਾਹਰ ਸਿੰਘ ਆਦਿ ਸਿਖ ਮੇਰਾ॥ ਮੁਨਮੁਨ ਧੀਰਜ ਸਭ ਕਹਿ ਦੇਹੀ॥ ਔਸਰ ਸਰ ਸੰਭਾਲ ਸਭ ਲੇਹੀ॥੧੭॥ਦੋ:॥ ਕਬਹੁ ਲੂਟਬੇ ਹਿਤ ਗਏ ਸਿੰਘ ਸਪੂਤ ਪ੍ਰਸੰਨ॥ ਬਾਧਿ ਪੋਟ[1] ਕੋ ਲੈ ਚਲੇ ਅਧਿਕ ਸੀਸ ਪਰ ਅੰਨ॥੧੮॥ ਪਹਲੇ ਦੀ ਲਖ ਲੂਟ ਸਯਾਨੇ॥ ਘਾਟਾ ਰੋਕ ਰਹੇ ਖਿਸਆਨੇ॥ ਔਚਕ ਆਇ ਪਰੈ ਇਕ ਬਾਰੀ॥ ਗਰਜੇ ਸਿੰਘ ਸਿੰਘ ਰਣ ਭਾਰੀ॥੧੯॥ ਮਾਰ ਮਾਰ ਕਰ ਸੱਥਰ ਕੀਨਾ॥ ਭਾਈ ਭਾਈ ਪਰ ਨਹਿ ਚੀਨਾ॥ ਰੈਨ ਸਮਯ ਕਰ ਧੁੰਧੂਕਾਰਾ॥ ਇਕ ਇਕ ਸਿੰਘਨ ਸਤ ਸਤ ਮਾਰਾ॥੨੦॥ ਅੰਤ ਦੇਵਪੁਰ ਆਪ ਪਧਾਰੇ॥ ਕਰ ਕਰ ਕੈ ਦੁਸਟਨ ਮੁਖ ਕਾਰੇ॥ ਸੁਨ ਬਾਤ ਗੁਰੂ ਦੀਨੋ ਬਰਦਾਨਾ॥ ਸਮੁਹਿ ਜੰਗ ਜਿਨ ਤਿਯਾਗੇ ਪ੍ਰਾਨਾ॥੨੧॥ ਤੇ ਮੇਰੇ ਜੰਗੀ ਨਿਤ ਰਹੇ॥ ਸਤਗੁਰੂ ਕ੍ਰਿਪਾ ਖੜਗ ਲਗ ਸਹੇ॥ ਜੇਹਮ ਸਨ ਕਹਿ ਕਰਤੇ ਜਾਤੇ॥ ਤੋ ਸਹਾਇ ਤਾਹਿਤ ਹਮ ਆਤੇ॥੨੨॥ ਇਹਿ ਬਿਧਿ ਬਰਤਯੋ ਸਤਗੁਰ ਭਾਨਾ॥ ਮਹਿ ਗਯੇ ਹਾਯ ਗਯ ਮਿਲਯੋ ਨਦਾਨਾ॥ ਹਾਥੀ ਪਰਸਾਦੀ ਮਰ ਗਯੋ॥ ਜਾ ਪ੍ਰਸਾਦ ਤੇ ਸਭ ਕਛੂ ਭਯੋ॥੨੩॥ ਜਾਹਿ ਨਿਰਖ ਲਾਲ ਚਮਨ ਮਾਨਾ॥ ਭੀਮ ਚੰਦ ਭਾਅ ਰਿਅ ਗਯਾਨਾ॥ ਅਗਿਨਿਤ ਮਰੇ ਬੈਲ ਅਰ ਘੋਰੇ॥ ਜੇ ਨਿਤ ਜੰਗ ਜੀਤ ਮਹਿ ਛੋਰੇ॥੨੪॥ ਸਾਹਿਬ ਸਿੰਘ ਸੁਨਹੁ ਮਨ ਲਾਈ॥ ਮੈਹੁ ਸੁਨ ਸਭ ਸਮਯਾ ਸੁਹਾਈ॥ ਜਯੋ ਜਯੋ ਕਰ ਅੰਮ੍ਰਿਤ ਸਰ ਚਲਾ॥ ਆਇ ਅਨੰਦਪੁਰ ਪ੍ਰਭ ਪਦ ਮਿਲਾ॥੨੫॥ ਸਿੰਘਨ ਕਹੀ ਲਖ ਦਸਾ ਅਨੂਠੀ॥ ਅਨੁਸਠਾਨ ਪਹਿਚਾਨਸੁ ਊਠੀ॥ ਬਿਨਤੀ ਕਰ ਗੁਰਦੇਵ ਰਿਝਾਈ॥ ਲੰਗਰ ਦੀ ਬਰ ਬਯੋਤ ਬਨਾਈ॥੨੬॥ਦੋ:॥ ਮੋ ਸਨ ਸਭ ਗੁਰਮੁਖ ਕਰੀ ਮਾਤਾ ਅਨੁਮਤਿਖਾਇ॥ ਮੈ ਸ੍ਰੀ ਸਤਗੁਰੂ ਸਨ ਕਰੀ ਸੋ ਮਾਨੀ ਹਰਖਾਇ॥੨੭॥ਚੋ:॥ ਕਛੂ ਦਿਨ ਲੰਗਰ ਇਹ ਬਿਧਿ ਮਿਲਾ॥ ਪੁਨ ਸਤਗੁਰ ਕੀ ਬਰਤੀ ਲੀਲਾ॥ ਇਕ ਦਿਨ ਗਏ ਆਪਹਯਸਾਲਾ॥ ਹਿਹਨਾਏ ਘੋਰੇ ਸੁ ਬਿਹਾਲਾ॥੨੮॥ ਖੁਰ ਉਠਾਇ ਸੁ ਭ੍ਰਮਾਇਕ ਨੋਤੀ॥ ਬਹੁਤ ਅਸ੍ਨ ਯਨਨ ਤੇ ਮੋਤੀ॥ ਸੇਵਕ ਸਕਲ ਹਾਥ ਦ੍ਵੈ ਜੋਰੇ॥ ਰਾਖਿਆ ਪ੍ਰਾਨ ਦੁਹਾਈ ਘੋਰੇ॥੨੯॥ ਸੁਨੀ ਅਨਸੁਨੀ ਕਰ ਫਿਰ ਆਏ॥ ਹੁਕਮ ਰਜਾਈ ਚਲਨ ਅਲਾਏ॥ ਸਾਰਦ ਨਾਰਦ ਅਰੁ ਬ੍ਰਹਮਾਦੀ॥ ਮੋਹਿਤ ਹੋਤ ਜਾਸ ਗੁਨ ਗਾਦੀ॥੩੦॥ਦੋ:॥ ਤਿਹਿ ਕਿ ਜਾਨ ਸਕ ਜੀਵ ਜਢ ਜੋ ਮਲ ਮੂਲ ਮੁਲੀਨ॥ ਗ੍ਰਸਿਤ ਗ੍ਰਾਹ ਗਜ ਗ੍ਰਿਹ ਬਿਖੈ ਸਰਨਾਗਤਿ ਸੁਖ ਚੀਨਾ॥੩੧॥

ਸਾਖੀ॥੧੮੫॥ਚੋ:॥ ਏਕ ਬਾਰ ਇਕ ਸੰਗਤ ਆਈ॥ ਆਗੇ ਲਖੀ ਸੈਨ ਸਮੁਦਾਈ॥ ਜਿਹਿ ਕਿਹਿ ਬਿਧਿ ਕਰਦੈ ਕਰ ਧਨ ਗਨ॥ ਪਹੁਚੇ ਕਾਹੁ ਗਹ ਸਨ ਕਰਪਨ॥ ਜਮਾਦਾਰ ਇਕ ਮਿਲਿ ਤਿਨ ਗਯੋ॥ ਸੰਗਤ ਦਰਸ ਪਾਇ ਸੁਖ ਭਯੋ॥ ਭੇਟਾ

---

1. ਪੋਟਲੀਆਂ, ਗੰਢਾਂ, ਪੰਡਾਂ

ਭਾਂਤ ਭਾਂਤ ਸੁ ਚਢਾਈ॥ ਸਤ ਗੁਰ ਕ੍ਰਿਤ ਲਖਿ ਉਰ ਅਕੁਲਾਈ॥੨॥ ਇਕ ਸਿਖ ਲਖ ਉਰਮਹਿ ਬਿਲਖਾਨਾ॥ ਦੁਖ ਭੂਖ ਭਰਤੀ ਸਿਖ ਸੁਖ ਹਾਨਾ॥ ਤਾਕੇ ਕਰ ਮਹਿ ਪਾਰਸ[1] ਰਹਾ॥ ਲੈ ਆਵਾ ਸੁਨ ਕਰ ਬਿਧਿ ਯਹਾ॥੩॥ ਬੜੀ ਦੂਰ ਤੇ ਜਿਹਿ ਕਹਭਾਤ॥ ਸੋ ਦੀਨੋ ਪਾਰਸ ਸੁਖ ਸਾਂਤ॥ ਲੈ ਪ੍ਰਭੂ ਕਰ[2] ਮਹਿ ਬਿਹਸਿ ਪ੍ਰਹਾਰਾ॥ ਜਹਿ ਗਿਰਾਸੋ[3] ਸਭ ਦ੍ਵਬਾਰ॥ ਤਿਨ ਤਬ ਕਹੀ ਕ੍ਰਿਪਾਨਿਧਿ ਸ੍ਵਾਮੀ॥ ਕਹਾਂ ਕੀਯੋ ਘਟ ਅੰਤਰਜਾਮੀ॥ ਯਹ ਪਾਰਸ ਪ੍ਰਭ ਬ੍ਰਿਥਾ[4] ਬਗਾਯੋ॥ ਬੜੇ ਜਤਨ ਕਰ ਮੈ ਲੈ ਆਯੋ॥ ਗੁਰੁ ਘਰ ਕਰ ਕਾਰਜ ਬਹੁ ਕਰਿਹੈ॥ ਮੋਰ ਮੁਕਤ ਅਰ ਸੁਖੀ ਦਿਖਾਰਿਹੈ॥ ਦੁਖ ਭੂਖ ਸਭ ਸਿੰਘਨ ਕੀ ਜੈ ਹੈਂ॥ ਜਹਿ ਜਹਿ ਹਹਿ ਤਹਹਿ ਧਨ ਦੈਹੈ॥੬॥ ਦੋਹਰਾ॥ ਕ੍ਰਿਪਾ ਨਾਥ ਬੋਲੇ ਬਿਹਸਿ ਹਮ ਯਹ ਸਮਝੀ ਨਾਹਿ॥ ਭਲਾ ਦੇਹ ਹਮਰੀ ਯਹੀ ਲਖ ਪਾਰਸ ਮਨ ਮਾਹਿ॥੭॥ਚੌ:॥ ਸਿਖ ਝੁਰਤ ਮਨ ਮਹਿ ਅਕੁਲਾਨਾ॥ ਕਰਤ ਕੁ ਤਰਕ ਅਨੇਕ ਅਯਾਨਾ॥ ਲਖ ਉਰਕੀ ਗੁਰ ਦੀਨੀ ਦਯਾ॥ ਲੈ ਚਲ ਚੁਲ ਗੁਰ ਆਇਸ ਦਯਾ॥੮॥ ਚੀਤਾ ਕਰਪੁਨ ਕਰ ਪਦ ਧੋਏ॥ ਨਿਰਖਿ ਸਿਖ ਉਰ ਅਚਰਜ ਹੋਏ॥ ਜੰਹ ਜੰਹ ਧਰਤਿ ਛੀਂਟ ਪਰ ਗਈ॥ ਸਵਰਨ ਸਮਾਨ ਹੋਤ ਧਰ ਭਈ॥੯॥ ਤਊ ਨ ਤਾਕੋ ਚਿਤ ਸੁਖਮਾਨ॥ ਤਬ ਪ੍ਰਭੂ ਕਹੀ ਸੁਨਹੁ ਸੁਖ ਦਾਨਾ॥ ਸਰਤਾ ਮਹਿ ਲਖ ਪਾਰਸ ਲੀਜੈ॥ ਸੰਕਾ ਸਮਨ ਆਪਨੀ ਕੀਜੈ॥੧੦॥ ਸਤਦ੍ ਨੀਰ ਲਖਯੋ ਤਿਨ ਜਾਈ॥ ਅਨ ਗਨ ਪਾਰਸ ਪਾਥਰ ਪਾਈ॥ ਮਨਿ ਮਾਨਿਕ ਮੁਕਤਾ ਕੇ ਜਾਲਾ॥ ਹੀਰੇ ਪੰਨੇ ਰਤਨ ਬਿਸਾਲਾ॥੧੧॥ ਟ੍ਰਬਕੀ ਮਾਰ ਹੇਰ ਸਭ ਲੀਨਾ॥ ਪੁਨ ਸ੍ਰੀ ਸਤਗੁਰੁ ਦ੍ਸਨ ਕੀਨਾ॥ ਭ੍ਰਮਤਮ ਮਿਟਾ ਚਰਨ ਲਪਟਾਨਾ॥ ਪਾਰਸ ਤੇ ਪਦ ਅਧਿਕ ਪਛਾਨਾ॥੨॥ਦੋ:॥ ਕੰਚਨ ਲੋਹਾ ਕੋ ਕਰਤ ਪਾਰਸ ਪਰਮ ਪ੍ਰਭਾਉ॥ ਪਦ ਪਾਰਸ ਪਾਰਸ ਕਰਤ ਪਰਸਤ ਪੁਨਯ ਪਸਾਉ॥੧੩॥ਦੋ:॥ ਸੁਨ ਸੇਵਕ ਸਬ ਢਿਗ ਜੈਯੇ॥ ਨਿਜ ਧਨ ਕਰ ਗੁਮਾਨ ਤਜ ਦੈਯੈ॥ ਮੇਰੀ ਦੇਹ ਸੁ ਪਾਰਸ ਸਹੀ॥ ਧਨ ਗਨ ਕੀ ਕਛੁ ਕਮਤੀ ਨਹੀਂ॥੧੪॥ ਸਿੰਘ ਸੁਧ ਕਰਨ ਕੇ ਕਾਜਾ॥ ਹੈ ਆਇਸ ਅਕਾਲ ਮਹਾਰਾਜਾ॥ ਤਾਤੇ ਆਇਸ ਤਯਾਗਹੁ ਨਾਹੀਂ॥ ਸੁਧ ਹੋਤ ਖਾਲਸਾ ਸਦਹੀ॥੧੫॥ ਸੁੱਖ ਹੋਇ ਧਨਪੁਨ ਜਨ ਪੈਹੈਂ॥ ਸੁਧ ਹੋਇ ਕਰ ਰਾਜ ਕਮੈਹੈਂ॥ ਭਕਤ ਭੁਕਤ ਦੋਊ ਇਨ ਲੀਨੀ॥ ਸਭ ਅਭਿ ਮਤ ਅਬ ਪੂਰਨ ਕੀਨੀ॥੧੬॥ ਤਬ ਤਿਨ ਕਹੀ ਚਰਿਤ ਯਹ ਕੈਸੋ॥ ਬਿਰਦਯੋ ਆਪ ਸੁਨਨ ਚਹੁ ਤੈਸੇ॥ ਸ੍ਰੀ ਮੁਖ ਕਹੀ ਨਾਥ ਕੀ ਮਰਜੀ॥ ਤਾਮੈ ਹਮ ਕੁਛ ਕਰਹਿ ਨ

---

1. ਪਾਰਸ ਪੱਥਰ,
2. ਹੱਥ ਵਿਚ,
3. ਸਤਲੁਜ ਵਿਚ ਸੁੱਟ ਦਿੱਤਾ,
4. ਐਵੇਂ

ਅਰਜੀ॥੧੭॥ਦੋ:॥ ਜੋ ਚਾਹੈ ਸੋਈ ਕਰੈ ਜੋ ਮਾਂਗੈ ਸੋ ਦੇਇ॥ ਪੈਸੁ ਰਜਾਈ ਹੁਕਮ ਮਹਿ ਚਲਤ ਫਲਤ ਸਭ ਸੇਇ॥੧੮॥ਚੌ:॥ ਤਬ ਤਿਨ ਹਾਥ ਜੋਰ ਕਰ ਕਹੀ॥ ਮਮ ਅਘ[1] ਛਮਹੁ ਨਾਥ ਅਬ ਸਹੀ॥ ਕਰ ਕੁ ਤਰਕ ਮੈ ਜਾਨਾ ਨਾਹੀ॥ ਛਮਹੁ ਨਾਥ ਨਾਨਕ ਗੁਨ ਮਾਹੀ॥੧੯॥ ਬਰੰਬ੍ਰੂਹਿ ਤਬ ਸ੍ਰੀ ਮੁਖ ਭਾਖੀ॥ ਕਹੀ ਸਿਖ ਮਮ ਪਢਹਿ ਜੁ ਸਾਖੀ॥ ਸੋ ਤਵ ਚਰਨਨ ਰਤਿ ਨਰ ਪਾਵਹਿ॥ ਜਾਤੇ ਨਹਿ ਫਿਰ ਆਵਹਿ॥੨੦॥ ਸ੍ਰੀ ਵਾਹਗੁਰੂ ਮੁਖ ਮੁਖ ਕਰਹੁ ਉਚਾਰ॥ ਹੋਇ ਦਯਾਲ ਕਰ ਲਏ ਉਧਾਰ॥੨੧॥

ਸਾਖੀ॥੧੮੬॥ ਇਕ ਦਿਨ ਸਤਗੁਰੁ ਬਾਹਰ ਗਏ॥ ਲਾਖੇ ਛਾਲ ਤਰ ਛਕਤ ਸੂਕਏ॥ ਸੁਨ ਤਹਿ ਕਹੀ ਨਯਾ ਕਹਿ ਖਾਵਹੁ॥ ਉਪਜਤ ਰੋਗ ਲਖਹੁ ਸੁਖ ਪਾਵਹੁ॥੧॥ ਤਬ ਤੇ ਸੋਊ ਸਿੰਘਨ ਤਜੀ॥ ਨਿਰਾਧਾਰ ਪ੍ਰਿਅ ਪਦ ਤਾਸ ਜੀ॥ ਸਭ ਮਾਤਾ ਢਿਗ ਜਾਇ ਪੁਕਾਰੇ॥ ਪੁਨ ਸ੍ਰੀ ਮਾਤਾ ਬਚਨ ਉਚਾਰੇ॥੨॥ ਸਤਗੁਰੁ ਕਹੀ ਮਾਤਾ ਯਹ ਸਮੈ॥ ਹੋਤ ਖਾਲਸਾ ਤਪਹਿ ਤਨ ਮੈ॥ ਪੂਜਾ ਧਾਨ ਜੋਗ ਨਹੀ ਛਕਨਾ॥ ਮਨਮੁਖ ਜੁਧ ਮਰਨ ਮਨ ਤਕਨਾ॥੩॥ ਬਿਖ ਸਮਾਨ ਯਹ ਪੂਜਾ ਧਾਨਾ॥ ਯਾ ਕਹਿ ਕਛ ਕਹੁ ਨ ਸਿੰਘ ਸੁਜਾਨਾ॥ ਥੋਰਕਾਲ ਮਹਿ ਸਭ ਫਲ ਲੈ ਹੌਂ॥ ਪੂਰਨ ਬ੍ਰਤ ਪੂਰਨ ਫਲ ਹ੍ਵੈ ਹੈ॥੪॥ ਉਤ ਪਹਾਰਿਏ ਤੂੰ ਅਤਿ ਦੁਖੀ॥ ਰਹੇ ਨ ਕਹੁ ਭਾਤ ਤੇ ਸੁਖੀ॥ ਕਈ ਮਾਸ[2] ਕਰ ਘੇਰਾ ਪਰਾ॥ ਅਧਿਕ ਖਰਚਰਾਜਨ ਉਰ ਡਰਾ॥੫॥ ਨਿਤ ਪ੍ਰਤਿ ਸੂਬਨ ਕਰਬਰ ਹੁਕਮ॥ ਕਾਹੂੰ ਭਾਂਤ ਹੋਤ ਨਹੀ ਕਮ॥ ਉਜਰਾ ਦੇਸ ਫਤੇ ਨਹਿ ਭਈ॥ ਪੰਮੇ ਸਨ ਮਿਲ ਮਸਲਤ ਲਈ॥੬॥ਦੋ:॥ ਦਗਾਕਰਨ ਕੋ ਪੁਨ ਕੀਓ ਦੂਰ ਬੁਧੀਨ ਉਪਾਊ॥ ਅਪਨੀ ਦੋਨੋ ਲੋਕ ਕੀ ਆਪ ਬਿਗਾਰੀ ਬਾਊ॥

ਸਾਖੀ॥੧੮੭॥ ਇਤਿ ਸ੍ਰੀ ਗੁਰੁ ਪ੍ਰੇਮ ਪ੍ਰਕਾਸੇ ਸ੍ਰੀ ਗੁਰੂ ਚਤਰਥ ਖੰਡਾਂਤਰ ਗਤ ਦਸ ਮੰਡਲ ਉਤ੍ਕਾਰਧੇ ਖਾਲਸਾ ਸੋਧਨ ਬਰਨਨਾਤਮਕ ਖਸਟ ਬਿੰਸਤਮੀ ਪ੍ਰਾਤ:॥ ੨੬॥ਚੌ:॥

ਮਿਲ ਮਸਲਤ ਸਭ ਰਾਜਨ ਕਰੀ॥ ਪੂਰੀ ਹਮਰੀ ਕਯੋ ਹੁਨ ਪਰੀ॥ ਧਨ ਅਰਦੇਸ ਭਯੋ ਵੈਰਾਨਾ॥ ਗੁਰੁਨ ਮਰਯੋ ਨਹਿ ਤ੍ਰਜਯੋ ਮਕਾਨਾ॥੧॥ ਤਾਤੇ ਪੁਨ ਕਰ ਸਪਥ ਪਠਾਵਹਿ॥ ਜੇ ਮਾਨਹਿ ਗੁਰ ਤੋ ਸੁ ਮਨਾਵਹਿ॥ ਅਸ ਆਪੁਸਮਹਿ ਮੰਤ੍ ਪਕਾਯੋ॥ ਸ੍ਰੀ ਸਤਗੁਰੁ ਸਨ ਛਲ ਬਲ ਪਾਯੋ॥੨॥ ਜੋ ਨਿਰਛਲ ਮਾਇਕ ਬਿਵਹਾਰਾ॥ ਤਿਹਿ ਜਛ ਚਹਤ ਛਲਨ ਕਰਵਾਰਾ॥ ਦ੍ਰੁਤਨ ਕੀ ਸੁਨੀ ਗੁਰੂ ਜਬੈਂ॥ ਪੁਨ ਲਿਖ ਪਠਯੋ ਨਾਥ ਢਿਗ

---

1. ਪਾਪ,

2. ਮਹੀਨ

ਤਬੈ॥੩॥ ਤੀਜੀ ਬਾਰ ਬੀਰ ਸੁ ਪੰਮਾ॥ ਭੇਜਯੋ ਦੈ ਦੈਸਪਥ[1] ਸਰੰਮਾ॥ ਸਰਬ ਖਾਲਸਾ ਮਾਤਾ ਮਰਜੀ॥ ਤਜਿਐ ਆਨੰਦਪੁਰ ਗੁਰੁ ਅਰਜੀ॥੪॥ ਸਤ ਗੁਰ ਕਹੀ ਪਹਾਰੀ ਕਾਚੇ॥ ਇਨਕਸਪਥ ਕਬਹੁ ਨਚਿ ਸਾਂਚੇ[2]॥ ਲਖ ਸਭ ਕਰ ਰੁਖ ਸਾਚੇ ਸਾਹਾ॥ ਕਹਯੋ ਕਿ ਭਲਹਿ ਚਲਹਿ ਤਜ ਯਾਹਾ॥੫॥ ਪਾਚ ਹਜਾਰ ਬ੍ਰਿਖ ਇਤ ਆਵੈ॥ ਸਭ ਸਮਾਨ ਲਾਦ ਕਰ ਜਾਵੈ॥ ਪੰਮੇ ਤੁਰਤ ਕਾਮ ਤਸ ਕੀਨਾ॥ ਇਤ ਉਤਤੇ ਬਟੋਰ ਕਰ ਲੀਨਾ॥੬॥ ਤਬ ਸਤਗੁਰੁ ਇਮਿ[3] ਆਇਸ[4] ਦਈ॥ ਨਿਕਟ ਬੁਲਾਇ ਜਿ ਨਿਰਮਲ ਜਈ॥ ਮਲਿਨ ਬਸਤ ਅਰਪਨਹੀ ਚਾਮ॥ ਅਸਤ ਅਸਵ[5] ਗਜ[6] ਗਰਧਭ[7] ਨਾਮ॥੭॥ ਸੂਕਰ[8] ਕੂਕਰ[9] ਬਿਸਟਾ ਘਨੀ॥ ਡਾਰਹੁ ਗੋਨ ਗਾਹਿ ਸਭ ਸਨੀ॥ ਸੁਨਤਤ ਛਿਨ ਸੇਵਕ ਸਮੁਦਾਈ॥ ਕੀਤੀ ਆਗਯਾ ਹੁਕਮ ਰਜਾਈ॥੮॥ ਕੀਮਖਾਬ[10] ਕੇ ਟੁਕਰੇ ਕਰੇ॥ ਦੈ[11] ਦੈ ਗਜ ਤਾਪ ਪਰ ਤਬ ਧਰੇ॥ ਸਿੰਘ ਕਹੀ ਬ੍ਰਿਖਭ ਕਿਮਿ ਜੈ ਹੈਂ॥ ਰੈਨ ਸਸੇ ਨ ਮਸਾਲ ਜੈ ਹੈ॥੯॥ ਨਹਿ ਘ੍ਰਿਤ ਤੇਲ ਰਹਯੋ ਪੁਰ ਮਾਹੀ॥ ਕਾ ਕਰਨੀਯ ਨਾਥ ਇਹ ਚਾਹੀ॥ ਸੁਨਸ ਤੂਰ ਤੋਮਰ ਇਕ ਦੀਨਾ॥ ਬਿਹਸਿ ਬਚਨ ਇਹ ਬਿਧਿ ਬਰ ਕੀਨਾ॥੧੦॥ ਅਮੁਕ ਕੂਪ ਪਰ ਧਰ ਕਰ ਕਹੋ॥ ਚਾਹਤ ਤੇਲ ਦੇਹੁ ਦਲ ਦਹੋ॥ ਅਰਧ ਓਰ ਤੇ ਤੇਲ ਨਿਕਾਰਹੁ॥ ਅਰਧ ਓਰ ਜਲ ਛਕਨ ਬਿਚਾਰੁ॥੧੧॥ ਇਹਿ ਬਿਧਿ ਗਨ ਮਸਾਲ ਜਰਵਾਈ॥ ਪੰਚ ਹਜਾਰ ਸੁ ਗੋਨ ਚਲਾਈ॥ ਊਪਰ ਮੁਚਨ[12] ਤੋਪ ਟਿਕਾਈ॥ ਨਿਰਖਤ ਰਹੇ ਆਪ ਗੁਰਰਾਈ॥੧੨॥ਦੋ:॥ ਗਏ ਸੈਨ ਮਹਿ ਬ੍ਰਿਖ ਭਜੇ ਤੁਰਕ ਪਹਾਰਨ ਹੇਰ॥ ਅਪਨੀ ਅਪਨੀ ਆਨ ਤਜ ਲੂਟਨ ਲਾਗੇ ਫੇਰ॥੧੩॥ਚੌ:॥ ਉਪਰਤੇ ਗਨ ਤੋਪੈ ਚਲੀ॥ ਬਹੁਤਨ ਕੇ ਗੁਮਾਨ ਦਲ ਮਲੀ॥ ਭਏ ਸਥਾਰ ਲੋਥ ਕੇ ਘਨੇ॥ ਬ੍ਰਿਖਭਨ ਲੂਟਯੋ ਸਿੰਘ ਸਨੇ॥੧੪॥ ਨਿਜ ਨਿਜ ਆਸਨ ਪਰ ਲੈ ਗਏ॥ ਕੁਪਥੀ[13] ਸਪਥ ਨ ਮਾਨਤ ਭਏ॥ ਜਿਅਜਾਨੀ ਕਿ ਜਨਮ ਜਨਮ ਕੀ॥ ਖਾਤੀ ਪਾਈ ਸਤਗੁਰ ਧਨ ਕੀ॥੧੫॥ ਪ੍ਰਾਤ ਭਏ ਪੂਜਾ ਜਬ ਕਰੀ ਜਹ ਠਾਕੁਰ ਕੀ ਮੂਰਤੀ ਧਰੀ॥ ਖੋਲਨ ਲਾਗੇ ਨਿਜ ਕਰ ਸਬੈ॥ ਕਾਹੂੰ ਕੀ ਸੁਨਤ ਕੁਝੂ ਦਬੈ॥੧੬॥ ਤੁਰਕ ਨਿਮਾਜ ਉਜੂ ਕਰ ਰਹੇ॥ ਮੁਸਲਨ ਪਹ ਮੁਸਲਨ ਚਿਤ ਚਹੈ॥ ਖੋਲਤ ਨਿਕਸੇ ਪਨਹੀ ਹਾੜ॥ ਮਾਸ ਰਕਤ ਬਿਸਟਾ ਬਹੁ ਗਾੜ॥੧੭॥ ਆਪਸ ਮਹਿ ਇਮ ਕਹਿ ਮੁਰਝਾਏ॥ ਧਰਮ ਗਯੋ ਧਨ ਹਾਥਨ ਆਏ॥ ਸਤਗੁਰ ਛਲਤ ਗੁਰੂ ਛਲ ਗਯੋ॥ ਤਬ ਤਿਨ ਮੈ ਤੇ ਕਿਨ ਕਿਨ ਕਹਯੋ॥੧੮॥ ਜਿਹ ਬਲ ਛਲਾ ਛਲਾ ਨਹਿ ਗਯਾ॥ ਸੋਈ ਗੁਰੁ ਗੁਬਿੰਦ ਸਿੰਘ ਭਯਾ॥ ਇਤ ਸਿੰਘਨ ਸਭ ਲਖ ਤਮਾਸਾ॥ ਕੀਨਾ ਗੁਰੁ ਬਚ[14] ਪਰ ਬਿਸਵਾਸਾ॥੧੯॥ ਸਤਗੁਰ ਕਹਯੋ ਧੀਰ ਧਰ ਰਹੋ॥ ਕਰਤ

---

1. ਸਹੁੰ, 2. ਸੱਚੀ, 3. ਇਸ ਤਰ੍ਹਾਂ, 4. ਆਦੇਸ਼, 5. ਘੋੜੇ, 6. ਹਾਥੀ, 7. ਗਧੇ, 8. ਸੂਰ, 9. ਕੁੱਤੇ, 10. ਕਪੜੇ ਕੀ ਕਿਸਮ, 11. ਦੋ, 12. ਮੋਰਚੇ, 13. ਝੂਠੀ, 14. ਗੁਰ ਬਚਨ

ਕਹਾ ਜਗ ਦੰਬਾ ਲਹੋ॥ ਯਹ ਚਰਿਤ੍ਰ ਥਰ ਸੁਨਹੁ ਅਕਾਲਾ॥ ਕਰਤ ਅਧਿਕ ਹਿਤ ਚਿਤ ਮਤਿ ਪਾਲਾ॥੨੦॥

ਸਾਖੀ॥੧੮੮॥ਦੋ:॥ ਸਭ ਸਿੰਘਨ ਸੰਤੋਖ ਕਰ ਮਾਨਯੋ ਬਚਨ ਪ੍ਰਮਾਨ॥ ਮਾਤਾ ਦਾਇਕ ਪਰਵਾਰ ਹੂੰ ਸਮਝਯੋ ਸਾਚ ਬਖਾਨਾ॥੧॥ਚੋ:॥ ਤਬ ਲਗ ਲਵਰੰਗ ਲਿਖਤ ਪਠਾਈ॥ ਕਸਮ ਕੁਰਾਨ[1] ਖੁਦਾਇ ਲਿਖਾਈ॥ ਗੁਰਸਨ ਕਹਹੁ ਤਯਾਗ ਹਨ ਆਵਹਿ॥ ਮੋਸਨ ਮਿਲ ਦ੍ਵੈ ਬਚਨ ਅਲਾਵਹਿ॥੨॥ ਜਹਿ ਜਿਅ ਰੁਚਹਿ ਰਹਹਿ ਤਿਹਿ ਥਾਨਾ॥ ਕਰ ਹੈ ਕੁਛੂ ਨਹਿ ਤਿਨ ਕੀ ਹਾਨਾ॥ ਏਕ ਬਾਰ ਪੁਰ ਤਯਾਗ ਪਧਾਰਹੁ॥ ਪੂਰਨ ਕਰਹੁ ਮਨੋਰਥ ਤਾਰਹੁ॥੩॥ ਤੁਮਰੇ ਘਰ ਸਭ ਯਹ ਮਾਯਾ॥ ਕਰਹੁ ਬਿਗਾਰ ਨ ਬਨਹੁ ਸਹਾਯਾ॥ ਹਮ ਬਹੁਸੁਨੀਸੋਭ ਗੁਰ ਰਾਈ॥ ਤਾਤੇ ਚਾਹਤ ਦਰਸਨ ਪਾਈ॥੪॥ ਪੁਨ ਰਾਜਨ ਵਕੀਲ ਨਿਜ ਮੇਲੇ॥ ਪੰਮੇ ਸੰਗਸੁ ਆਨੰਦ ਮੇਲੇ॥ ਸਤ ਗੁਰੁ ਸੁਨ ਸਭ ਬਾਤ ਬਤਾਈ॥ ਇਹਿ ਬਿਧਿ ਲਿਖਤ ਸਾਹ ਕੀ ਆਈ॥੫॥ ਠਾਕਰੁ ਗਾਇ ਬਿਪ੍ਰ ਕੀ ਸਪਥਾ॥ ਖਾਵਹਿ ਸਭ ਰਾਜੇ ਸੁਨ ਸੁਪਥਾ॥ ਲੂਟਨਹਾਰੇ ਗੋਦਨ ਹਾਰੇ॥ ਬਹਿਰ ਨਿਕਾਰੇ ਮਾਰੇ ਤਾਰੇ॥੬॥ ਸ੍ਰੀ ਮੁਖ ਕਹੀ ਤੁਰਕ ਅਗਯਾਨੀ॥ ਇਨਕੀ ਸਪਥ ਸਾਚਿ ਲਹਿ ਮਾਨੀ॥ ਅਹਹਿ ਗਿਰੀ ਸਹਜ ਹਿਤਮ ਗੁਨੀ॥ ਜਢ[2] ਅਗਯਾਨ ਨਿਧਾਨ ਸੁ ਧੁਨੀ॥੭॥ ਪੂਜਤ ਪਾਹਨ ਪਾਹਨ ਭਏ॥ ਸੁਧ ਬਸੁਧ ਧਰਮ ਬਿਸਰ ਸਭ ਗਏ॥ ਸੁਨਤ ਦੂਤ ਮਾਤਾ ਢਿਗ ਆਏ॥ ਸੁਨ ਮਾਤਾ ਪਰਤੀਤੀ ਪਾਏ॥੮॥ ਛਲ ਕਰ ਮਾਤਹਿ ਦੀਨ ਭਰੋਸਾ॥ ਮਾਤਾ ਕਹੀ ਕਰਹੁ ਜਿਨ ਰੋਸਾ॥ ਬਿਪ੍ਰ ਸਪਥ ਲੈ ਗਿਰਪਤਿ ਆਵੈ॥ ਸਯਦ ਲੈ ਕੁਰਾਨ ਸਮੁਹਾਵੈ॥੯॥ ਤਬ ਮੈ ਸੁਤਹਿ ਸੁਨਹੁ ਸਮਝਾਊ॥ ਨਾ ਤਰੁ ਇਨ ਕਰ ਪ੍ਰਾਕ੍ਰਿਤ ਪ੍ਰਭਾਊਂ॥ ਦੌਰ ਦੌਰ ਰਾਜਨ ਢਿਗ ਆਏ॥ ਮਾਤਾ ਬਚਨ ਮਾਨ ਸਭ ਲਏ॥੧੦॥ ਖਵਾਜਾ ਜਹਿ ਮਰਦੂਦ ਬਿਰਾਜਾ॥ ਜਬਰਦਸਤ ਸੰਗ ਮਿਲ ਦਲ ਸਾਜਾ॥ ਖਾਨ ਵਜੀਦ ਔਰ ਨ੍ਰਿਪਰਾਨੇ॥ ਸਭ ਮਹਿ ਬਚਨ ਬਿਸੇਸ ਸਯਾਨੇ॥੧੧॥ ਭੀਮ ਚੰਦ ਯਹ ਸਭ ਸਮਝਾਈ॥ ਕਰਹੁ ਕਰਹੁ ਸਭਹਨ ਉਰਆਈ॥ ਸਪਥ ਕੀਏ ਜੋ ਗੁਰ ਕਹਿ ਮਾਰੈ॥ ਭੋ ਤੋ ਸਭ ਤੇ ਕਾਰਜ ਸਾਰੈ॥੧੨॥ ਬਲੀ ਬਸੇਸ ਜੀਤ ਨਹਿ ਜਾਈ॥ ਹਮ ਸਭ ਸਮੁਹਿ ਨ ਕਰਹਿ ਲਰਾਈ॥ ਯਾਤੇ ਛਲ ਕਰ ਕਾਰਜ ਕੀਜੈ॥ ਰਾਜਨ ਨੀਤ ਨੀਕ ਮਨ ਭੀਜੈ॥੧੩॥ ਤੁਰਤ ਸਾਹ ਕੋ ਲਿਖਤ ਜੁ ਆਯੋ॥ ਦੈ ਸਯਦ ਕੁਰਾਨ ਪਠਵਾਯੋ॥ ਅਰ ਇਕ ਥਾਰ ਚਾਰੁ ਰਚ ਆਨਾ॥ ਗਊ ਕਰੀ ਆਟੇ ਕੀ ਥਾਨਾ॥੧੪॥ ਸਾਲਿਗਰਾਮ[3] ਨਿਕਟਤਿਹ ਰਾਖਾ॥ ਇਕ ਦਿਜਸਿਰ ਉਰਵਾਇ ਸੁ ਭਾਖਾ॥ ਪੰਮਾ ਸੰਗ ਅਨੰਦਪੁਰ ਪਠਾ॥ ਛਲ ਕਰ ਮੂਢ ਠਾਟ ਸਭ ਠਟਾਂ॥੧੫॥ ਇਤ ਜਨਨੀ ਗੁਰ ਢਿਗ ਚਲ ਆਈ॥ ਸਭ ਹੀ ਬਿਧਿ ਹਾਰੀ

---

1. ਕੁਰਾਨ ਸ਼ਰੀਫ, 2. ਪੱਥਰ, 3. ਪੂਜਾ ਦੀ ਵਸਤੂ

ਸਮਝਾਈ॥ ਤਾਤ ਤਿਹਾਰੇ ਸਿੰਘ ਸੁ ਬੇਟੇ॥ ਭੂਖੇ ਜਾਤ ਮਰਤ ਧ੍ਰ ਲੇਟੇ॥੧੬॥ ਕੈ ਕਰ ਜੰਗ ਇਨਹਿ ਮਰਵਾਹੂ॥ ਕੈਕਛੂ ਭੋਜਨ ਦੇ ਤ੍ਰਿਪਤਾਵਹੁ॥ ਨਾ ਡਰ ਚਲਹੁ ਛੋਰ ਪੁਰ ਅਬੈ॥ ਭਾਖਤ ਹੈ ਬੇਟਾ ਇੰਮਿ ਸਬੈ॥੧੭॥ਦੋ:॥ ਮਾਤਾਜੀ ਪੂਜਾ ਸੁਧਨ ਬਿਖ ਸਮ ਦੈ ਹੇ ਨਾਂਹਿ॥ ਥੋਰੇ ਦਿਨ ਮੈ ਜੀਤ ਹੈ ਧੀਰਜ ਰਾਖਹੁ ਜਾਹਿ॥੧੮॥ਚੌ:॥ ਤੁਰਕਨ ਸਪਥ ਬਿਸਾਸ[1] ਨ ਕੋਈ॥ ਮੂਰਖ ਬਕਤ ਆਇ ਮੁਹਜੋਈ॥ ਹੇਰਤ ਹੂੰ ਨਹਿ ਜਬ ਪਤਿਆਏ॥ ਤਬ ਅਚਰਜ ਮਮ ਮਨ ਮਹਿ ਆਏ॥੧੯॥ ਤਾ ਕਹੀ ਸਪਥ ਸਭ ਕਰੈ॥ ਸਾਹਿ ਲਿਖਤ ਹੂੰ ਪ੍ਰਾਪਤ ਧਰੈ॥ ਤਾਤੇ ਤਜਹੁ ਲਗਾਈ ਤਾਤ॥ ਜਾਤੇ ਬਰਤੈ ਸਭ ਸੁਖ ਸਾਂਤ॥੨੦॥ ਅਸ ਕਹਿ ਮਾਤਾ ਰੋਵਨ ਲਾਗੀ॥ ਨਤ ਬੇਅਦਬ ਹੋਇ ਅਭਾਗੀ॥ ਮੈ ਬਿਰਧਾਏ ਬਾਲ ਅਯਾਨੇ॥ ਬਹੂ ਜੁਬਾ ਕਿਮਿ ਬਨਿਹਹਿ ਬਾਨੇ॥੨੧॥ ਸ੍ਰੀ ਪ੍ਰਭ ਕਹੀ ਧੀਰਜ ਧਰ ਮਾਤਾ॥ ਜੀਤਹਿ ਸਬਹਿ ਨ ਕਰੁ ਮਨ ਤਾਤਾ॥ ਤੁਹਿ ਭ੍ਰਮਾਇ ਜਿਨ ਸਿਦਕ ਨ ਰਾਖਾ॥ ਤੂੰ ਭਖ ਉਠਤ ਕਰਤ ਮਨ ਮਾਖਾ॥੨੨॥ ਮਾਤ ਕਹੀ ਮੈ ਸਪਥ ਪ੍ਰਮਾਨੀ॥ ਅਬ ਤੇ ਲੈ ਆਵੋਂਤ ਇਤ ਜਾਨੀ॥ ਤਬ ਸਤਗੁਰੁ ਕਰ ਕੋਪ ਅਲਾਈ॥ ਲਿਖਹਿ ਬਿਦਾਵਾ ਜਾਹਿ ਪਰਾਈ॥੨੩॥ ਆਗੇ ਗਏ ਮਾਰਿ ਅਰਿ ਲੈ ਹੈ॥ ਦੇਸ ਛੋਰ ਸਭ ਮੈ ਹੋ ਦੈ ਹੈਂ॥ ਹਮ ਨਹਿ ਸਿਖ ਗੁਰੂ ਤੁਮ ਨਾਹੀ॥ ਲਿਖਹਿ ਬਿਦਾਵਾ ਸਬ ਅਬ ਯਾਹੀ॥੨੪॥ ਸਿੰਘਨ ਕਹੀ ਧਰਮ ਨਹਿ ਲੀਜੈ॥ ਪ੍ਰਾਨ ਦਾਨ ਸਿਖੀ ਪ੍ਰਭੂ ਦੀਜੈ॥ ਈਸ ਜੀਵ ਕਰ ਅੰਤਰ ਏਤਾ॥ ਸਦਾ ਗਯਾਨ ਅਗਯਾਨ ਸਮੇਤਾ॥੨੫॥ ਪੁਨ ਮਾਤਾ ਢਿਗ ਆਏ ਦੂਤਕਹੀ ਕਹਤੁ ਤੁਰਕੇਸ ਅਕੂਤ॥ ਜਿਹਬਲ ਕਰ ਕਛੁ ਵਾਰ ਨਪਾਰਾ॥ ਸੋ ਭਾਖਤ ਨਿਜ ਮੁਖ ਹਮਹਾਰਾ॥੨੬॥ ਤੁਮ ਮਾਤਾ ਜਬ ਕਰਿਹੋ ਤਯਾਰੀ॥ ਇਕਲੇ ਤਬ ਕਿ ਰਹਹਿ ਗੁਰ ਭਾਰੀ॥ ਜੇਕਰ ਰਹਿਹਿ ਕਰਤਿ ਘਮਸਾਨਾ॥ ਹੈ ਹੈ ਜੰਗ ਦੋਖ ਨਹਿ ਮਾਨਾ॥੨੭॥ ਮਾਤਾ ਕਹੀ ਕਹੀ ਮੈ ਜੈਸੇ॥ ਕਰਹੁ ਸਪਥ ਚਲਿਹੈ ਮੈ ਤੈਸੇ॥ ਦੇਖਹੁ ਕਤਹੁ ਕਹ ਜਿਨ ਧੋਖਾ॥ ਨਤੁ ਖੈਹਹੁ ਹਰਿ ਦਰਗਹ ਧੋਖਾ॥੨੮॥ ਸੁਨ ਮਾਤਾ ਤੇ ਤਬਹਿ ਲਿਆਏ॥ ਆਗੇ ਹੀ ਕਰ ਤਯਾਰ ਧਾਰਾਏ॥ ਸੋ ਸਭ ਸਤਗੁਰੁ ਤੀਰ ਸਿਧਾਏ॥ ਲਖ ਪ੍ਰਭੂ ਮਨ ਮਹਿ ਅਤਿ ਬਿਹਸਾਏ॥੨੯॥ ਕਹਹਿ ਸਿੰਘ ਦਲਿ ਐ ਗੁਰ ਰਾਈ॥ ਸਭ ਕੇ ਮੁਖਨ ਉਦਾਸੀ ਛਾਈ॥ ਰੋਵਹਿ ਕਹਹਿ ਤਜਿਅ ਮੁਰਸਾਰਾ॥ ਸ੍ਰੀ ਸਤਗੁਰ ਤਬ ਬਚਨ ਉਚਾਰਾ॥੩੦॥ ਰਹਹੁ ਬੀਸ ਦਿਨ ਕੈ ਉਨੀਸ॥ ਅਸਟਾਦਸਰ ਸਪਤ ਦਸਦੀਸ॥ ਇਕ ਦਿਨ ਰਹਨ ਬਨਹਿ ਨਹੀ ਸਾਮੀ॥ ਅਬ ਤਜੀਐ ਪੁਰ ਅੰਤਰਜਾਮੀ॥੩੧॥ਦੋ:॥ ਰਹਹੁ ਖਸ ਦਸ ਪੰਚ ਦਸ ਚੌਦਸ ਤ੍ਰਯੋਦਸ[2] ਜਾਨ॥ ਏਕਾ ਦਸ ਦਸ ਨਵ ਸੁ ਅਠ ਸਪ ਦਿਵਸ

---

1. ਵਿਸ਼ਵਾਸ਼,
2. ਤੇਰਹਾਂ

ਪਰਿਮਾਨ॥੩੨॥ਚੌ:॥ ਤਬ ਪ੍ਰਭ ਕਹੀ ਨ ਮਾਨਹੁ ਬਚਨਾ॥ ਖੋਵਹੁ ਘਾਲ ਘਾਲ ਕਰ ਰਚਨਾ॥ ਤਬ ਕਾਗਦ ਅਰ ਕਲਮ ਸਿਆਹੀ॥ ਰਾਖੀ ਲਿਖਹੁ ਬਿਦਾਵਾ ਯਾਹੀ॥੩੩॥ ਇਤਨੇ ਮਹਿ ਗੁਰ ਫਤੇ ਬੁਲਾਏ॥ ਰਾਇ ਗੁਲਾਮ ਸਯਾਮ ਸਿੰਘ ਆਏ॥ ਮਾਤਾ ਜੀ ਕਰ ਰਥ ਅਬ ਤਯਾਰੀ॥ ਚਲਨ ਚਹਤ ਪੋਤਨ ਸਨ ਪਯਾਰੀ॥੩੪॥ ਕੰਪਤ ਰੁਦਤ ਸਰੀਰ ਬਿਰਧ ਤਨ॥ ਤਜਹੁ ਸਕਲ ਉਪਾਵਾਧਿ ਕ੍ਰਿਪਾ ਘਨ॥ ਸੁਨਤ ਸਿੰਘ ਤਬ ਅਤਿ ਘਬਰਾਏ॥ ਕਹਤ ਕਿ ਨਾਥ ਨ ਕਰਹੁ ਲਿਖਾਏ॥੩੫॥ ਭੂਖਨ ਸਾਰੇ ਹਮ ਲਿਖਿ ਦੈਹੈ॥ ਲੋਕ ਔਰ ਲ੍ਰੋਕਹੁ ਜੈ ਹੈ॥ ਬਚ ਰਹਿ ਗਏ ਸਿੰਘ ਸਤ ਪਾਚ॥ ਕਛੂ ਉਪਰ ਸਤ ਲਗਿ ਰਣ ਆਚ॥੩੬॥ ਸਤਗੁਰੁ ਕਹੀ ਰਹਹੁ ਮਮ ਸੰਗ॥ ਨਿਰਖਹੁ ਕੈਸੇ ਉਪਜ ਤਰੰਗ॥ ਸਪ ਦਿਵਸ ਮਹਿ ਕਹਾ ਬਿਗਰ ਹੈ॥ ਧਰਤੀ ਰਾਜ ਅਬਹਿ ਸਿਰ ਧਰਿ ਹੈ॥੫੭॥ ਗਾਇਤ੍ਰੀ ਕਰ ਬਚਨ ਪ੍ਰਮਾਨਾ॥ ਪੁਨ ਪ੍ਰਭ ਲਿਖਹੁ ਲਿਖਹੁ ਸਵਧਾਨਾ॥ ਸਹੀ ਸਹੀ ਸਭਹਨ ਕਰ ਚੀਨੀ॥ ਹਾਹਾਕਾਰ ਮਹਾ ਧੁਨ ਚੀਨੀ॥੩੮॥ ਪਾਚਹੁ ਪਯਾਰੇ ਮੁਕਤੇ ਪਾਂਚ॥ ਅਪਰ ਤੀਸ ਆਲਮ ਸਿੰਘ ਰਾਚ॥ ਉਦੈ ਸਿੰਘ ਆਦਿਕ ਸਭ ਸ਼ੂਰੇ॥ ਲਿਖੇ ਬੇਦਾਵੇ ਨਾਹੀਂ ਨ ਰੂਰੇ॥੩੯॥ ਛਪਦ ਛੰਦ॥ ਪ੍ਰਥਮ ਜਵਾਹਰ ਸਿੰਘ ੨ ਰਤਨ ਸਿੰਘ ੨ ਮਾਨਕ ਸਿੰਘ ੩॥ ਸਿੰਘ ਕ੍ਰਿਪਾਲ ੪ ਦਯਾਲ ਸਿੰਘ ੫ ਗੁਰਦਾਸ ਸਿੰਘ ਰੋਰ ੬॥ ਠਾਕੁਰ ਸਿੰਘ ੭ ਸੁ ਪ੍ਰੇਮ ਸਿੰਘ ੮ ਹਰਦਾਸ ਸਿੰਘ ੯ ਕਹਿ॥ ਸੰਗੋ ਸਿੰਘ ੧੦ ਮਹਾਨ ਭਾਵ ਸੁ ਗੁਲਾਬ ਸਿੰਘ ੧੧ ਚਹਿ॥ ਮਹਿਤਾਬ ਸਿੰਘ ੧੨ ਪੁਨ ਖੜਗ ਸਿੰਘ ੧੩ ਟੇਕ ਸਿੰਘ ੧੪ ਗੁਰ ਭਕ ਬਰ॥ ਸ੍ਰੀ ਤੁਲਸਾ ਸਿੰਘ ੧੫ ਸੁ ਸਹਜ ਸਿੰਘ ੧੬ ਚਢਤ ਸਿੰਘ ੧੭ ਗੁਰਧਯਾਨ ਧਰ॥੪੦॥ ਝੰਡਾ ਸਿੰਘ ੧੮ ਸੁਜਾਨ ਸਿੰਘ ੧੯, ਗੰਡਾ ਸਿੰਘ ਜਾਨਹੁ ੨੦॥ ਕਿਸ਼ਨ ਸਿੰਘ ੨੧ ਸ੍ਰੀ ਬਿਸਨ ਸਿੰਘ ੨੨ ਗੁਰਦਿਤ ਸਿੰਘ ੨੩ ਮਾਨਹੁ॥ ਸੇਵਾ ਸਿੰਘ ੨੪ ਸੁਕਰਮ ਸਿੰਘ ੨੫ ਰਣਜੀਤ ਸਿੰਘ ੨੬ ਬਰ॥ ਨਰਾਇਣ ਸਿੰਘ ੨੭॥ ਜੈਮਲ ਸਿੰਘ ੨੮ ਗੰਗਾ ਸਿੰਘ ੨੯ ਉਰ ਧਰ॥ ਸ੍ਰੀ ਜਵਾਲਾ ਸਿੰਘ ੩੦ ਸੁਸੇਰ ਸਿੰਘ ੩੧ ਸਿੰਘ ਸਰਦੂਲ ਬਪਾਨਿਏ॥੩੨॥ ਸੁਖਾ ਸਿੰਘ ੩੩ ਪੰਜਾਬ ਸਿੰਘ ੩੪ ਧਯਾਨ ਸਿੰਘ ਸਦਾ ਉਰ ਆਨਿਏ॥੩੫॥ ਦਾਮੋਦਰ ਸਿੰਘ ੩੫ ਸੰਤ ਸਿੰਘ ੩੬ ਸੁਬਸਾਤਾ ਸਿੰਘ ੩੭ ਬਰ॥ ਕਾਮ ਸਰੂਪ ਅਨੂਪ ਸਰੂਪ ਸਿੰਘ ੩੮ ਉਰਮੈ ਧਰ॥ ਨਾਮ ਬਾਮ ਭਗਵਾਨ ਸਿੰਘ ੩੯ ਗੁਸਦਾਉ ਪਾਸੀ॥ ਮੁਕਤ ਸਰੂਪ ਅਨੂਪ ਭਕਿ ਹਿਮਾ॥੪੦॥ ਏਮ ਕੇ ਚਾਲੀਸ ਜਿਨ ਲਿਖਯੋ ਅਬ ਕਤ ਕਰ ਰਾਖੀ ਦੇਰ॥ ਸਮਯ ਬਿਤੀਤਨ ਅਬ ਲਗਯੋ ਲਾਵਹੁ ਨਾਹਿ ਅਬੇਰ॥੪੩॥ਚੌ:॥ ਮੁਕਤਨ ਕਹੀ ਕ੍ਰਿਪਾ ਨਿਧਿ ਸੁਨਿਏ॥ ਸੀਸ ਤਿਹਾਰੇ ਹੈ ਹਿਤ ਗੁਨਿਏ॥ ਖੜਗ ਨਿਕਾਰ ਕਾਟਿ ਅਬ ਲੀਜੈ॥ ਕੈ ਕਰ ਦਯਾ ਜੰਗ ਮਹਿ ਕੀਜੈ॥੪੪॥ ਭੂਖਨ ਮਰਬ ਪ੍ਰਮਾਨ ਹਮਾਰੇ॥ ਜੈ ਹੈ ਤਜ ਪਨਹਿ ਕਿਹਿ

ਜਾਰੇ॥ ਸਪਤ ਦਿਵਸ[1] ਕਿ ਬਰਪ ਸਤ ਬਹਿਏ॥ ਹਮਹਿਨ ਕਛੁ ਸੰਕਾ ਅਬਚਹਿਏ॥੪੫॥ ਸੁਨਤ ਗੁਰੁ ਅਤਿ ਹੀ ਹਰਖਾਏ॥ ਕੰਠ ਲਾਇ ਕਰ ਬਚਨ ਸੁਨਾਏ॥ ਅਬ ਸਿਖੀ ਕੇ ਬੀਜ ਸੁਭਏ॥ ਬਧਿਹਿ ਖਾਲਸਾ ਨਿਤਿ ਪ੍ਰਤਿ ਨਏ॥੪੬॥ ਗੁਰ ਨਾਨਕ ਜਬ ਪਰਖ ਕਰੀ॥ ਇਕ ਗੁਰੁ ਅੰਗਦ ਆਇਸ ਧਰੀ॥ ਤਿਮਿ ਗੁਰੁ ਅਮਰਦਾਸ ਹੂੰ ਮਾਨੀ॥ ਸ੍ਰੀ ਗੁਰੁ ਰਾਮਦਾਸ ਪੁਨ ਜਾਨ॥੪੭॥ ਪ੍ਰਥਮ ਪਰੀਖਯਾ ਮੇਰੀ ਮਾਹਿ॥ ਨਿਕਰੇ ਪੰਜ ਸਿੰਘ ਬਲ ਬਾਹਿ॥ ਅਬ ਕੀ ਰਹੇ ਚਾਲੀਸ ਸਸੂਰੇ॥ ਪੰਥ ਬ੍ਰਿਧਿ ਅਬ ਪੂਰਨ ਪੂਰੇ॥੪੮॥ ਕਾਹੂੰ ਭਾਂਤ ਸੰਕ ਨ ਰਹੀ॥ ਅਬ ਪੂਰਨ ਪਰ ਪੂਰਨ ਸਹੀ॥ ਅਸ ਕਹਿ ਕਹੀ ਕਿ ਕਰਹੁ ਤਯਾਰੀ॥ ਦੇਹੁ ਲਿਖਤ ਰਾਜਨ ਕੀ ਭਾਰੀ॥੪੯॥ ਜਿਨ ਜਿਨ ਇਸਟ ਸਪਤ ਹੈ ਖਾਈ॥ ਦੇਖਹੁ ਮੈ ਤਿਨ ਕੀ ਨਿਪੁਨਾਈ॥ ਪੁਨ ਹਜਰਤ ਕੀ ਲਿਖਤ ਜੁ ਆਈ॥ ਸੋਊ ਦੇਹੁ ਹਮਹਿ ਗੁਰੁ ਗਾਈ॥੫੦॥ ਲੈ ਸਭ ਲਿਖਤ ਖਲੀਤੇ ਪਾਈ॥ ਤਯਾਰੀ ਕਰਹੁ ਸੁ ਹੁਕਮ ਸੁਨਾਈ॥ ਬਿਹਸਤਿ ਬਦਨ ਰਾਗ ਨਹਿ ਰੇਖਾ[2]॥ ਸਦਾ ਅਸ ਹਰਿ ਰਸ ਜਸ ਚੋਖਾ॥੫੧॥

ਸਾਖੀ॥੧੮੯॥ਚੌ:॥ ਬਚੀ ਸਮਗ੍ਰੀ ਪੁਨ ਜਲ ਪਾਈ॥ ਕਛੁ ਲੇ ਅਗਨੇ ਮਾਹਿ ਜਰਾਈ॥ ਭਏ ਉਦਾਸ ਸਰਬ ਸੁਖ ਸਾਖੀ॥ ਚਾਰ ਘਰੀ ਜਬ ਨਿਸ ਗੁਜਰਾਨੀ॥ ਤਬ ਬਹੀਰ ਪ੍ਰਭ ਛੋਰ ਸਿਧਾਨੀ॥੨॥ਦੋ:॥ ਚਾਰ ਘਰੀ ਜਬ ਨਿਸਿ ਗਈ ਪੂਰਬ ਗਯੋ ਬਹੀਰ॥ ਪਹਰਗਤ ਜਾਤਹਿ ਚਲੀ ਬ੍ਰਿਧ ਮਾਤ ਸੰਗ ਬੀਰ॥੩॥ਚੌ:॥ ਦ੍ਵੈ ਪੋਤ੍ਰਨ ਦ੍ਵੈ ਦਾਸਨ ਲੀਨਾ॥ ਚਢ ਰਥ ਪਰ ਤਬ ਪਯਾਨਾ ਕੀਨਾ॥ ਸਤਗੁਰੁ ਨਿਕਟਿ ਮਾਤ ਕੇ ਆਏ॥ ਚਰਨ ਬੰਦਨਾ ਕਰ ਮੁਰਝਾਏ॥੪॥ ਦੁਊ ਮਹਲ ਗੁਰਪਦ ਪਰ ਪਰੀ॥ ਆਗਯਾ ਡੋਲਨ ਪਰ ਰਥ ਚਰੀ॥ ਫਤੇ ਸਿੰਘ ਅਰ ਸਿੰਘ ਜੁਝਾਰਾ॥ ਦੋਊ ਸੁਤਨ ਦੀਨ ਅਤਿ ਪਯਾਰਾ॥ ਗਦ ਗਦ ਕੰਠ ਬੋਲ ਕਛੁ ਨਾਹੀ॥ ਚਲੇ ਆਪਨੇ ਮਾਰਗ ਜਾਹੀ॥ ਜਿਮਿ ਸ੍ਰੀ ਕ੍ਰਿਸਨ ਕਰੀ ਕੁਰਖੇਤਾ[3]॥ ਮਾਯਾ ਬਸ ਭਏ ਗੁਵਾਲ ਅਚੇਤਾ॥੬॥ ਗਏ ਸਰਬ ਹੀ ਬ੍ਰਿਜਾਇ ਸਧਾਇਹ॥ ਰੋਕੇ ਰੁਕੇ ਨ ਅਨਿਕ ਉਪਾਇ॥ ਇਕ ਰਾਧਹਿ ਨਹਿ ਮਾਯਾ ਬਯਾਪੀ॥ ਪਰੀਕ੍ਰੁਦ ਸਰਮਹਿ ਸੁ ਅਮਾਪੀ॥੭॥ ਲੈ ਧਨ ਸੰਗ ਕ੍ਰਿਸ਼ਨ ਕੋ ਗਈ॥ ਤਿਮ ਚਾਲੀਸਨ ਕੀ ਗਤਿ ਭਈ॥ ਨਿਜ ਸਿਰਲੋਪਨ ਪ੍ਰਭੂ ਨਿਰਬਾਹਾ॥ ਬਿਲਗ ਹੋਨ ਨਹਿ ਔਸਰ ਲਹਾ॥੮॥ਦੋ:॥ ਡੇਢ ਪਹਿਰ ਰਜਨੀ[4] ਗਏ ਸਤਗੁਰ ਭਏ ਸਵਾਰ॥ ਆਇ ਬੜੇ ਦਰਬਾਰ ਮੈ ਕਰਅਰਦਾਸ ਅਪਾਰ॥੯॥ਚੌ:॥ ਤੀਨ ਬਾਰ ਗੁਰੁ ਇਹਿ ਬਿਧਿ ਗਾਈ॥ ਹੈ

---

1. ਸਤ ਦਿਤ,
2. ਦੁੱਖ ਸੁੱਖ ਅਤੀਤ,
3. ਕੁਰਸ਼ੇਤਰ,
4. ਰਾਤ

ਕਉ ਰਹਹਿ ਠੌਰ ਇਹ ਭਾਈ॥ ਦੀਪਕ ਬਾਰਹਿ ਝਾਰੂ ਕਰੈ॥ ਕੋਊ ਨਹਿ ਬੋਲਯੋ ਸਭ ਡਰੈ॥੧੦॥ ਨਿਕਟ ਬਿਲੋਕ[1] ਗੁਰੁਬਕਸ ਸਾਧੂ॥ ਤਾਸੋ ਕਹੀ ਸੁ ਮਤੋ ਅਗਾਧੂ॥ ਰਹਹੁ ਇਹਿਹਿ ਤਿਨ ਕਛੂ ਨਹਿ ਕਹੀ॥ ਮਹਾਦੇਵ ਤਿਹਿ ਗੁਰ ਤਬ ਲਹੀ॥੧੧॥ ਇਹਾ ਰਹਿ ਕਾ ਖੈਹਹਿ ਸਾਮੀ॥ ਮਾਰਹਿ ਤੁਰਕ ਪਹਾਰੀ ਕਾਮੀ॥ ਦੀਨ ਦਰਦ ਭੰਜਨ ਸੁਨ ਬੋਲੇ॥ ਅੰਨ ਭਰੀ ਯਹ ਗਾੜੀ ਸੋਲੇ॥੧੨॥ ਸੰਧਯਾ[2] ਸਮਯ ਦਰਸ ਮੈ ਦੈਹੌ॥ ਸਰਬ ਭਾਂਤ ਤੇ ਰਖਯਾ ਕੈ ਹੌ॥ ਅਸ ਬਰਦਾਨ ਦੇਇ ਕਰ ਚਲੇ॥ ਆਨੰਦਪੁਰ ਤਜ ਆਨੰਦ ਪਲੇ॥੧੪॥ ਨਿਤਯ ਨਿਵਾਸ ਮੋਰ ਯਹ ਥਾਨਾ॥ ਇਹ ਤਿਹ ਛਿਨ ਦੀਨੋ ਬਰਦਾਨਾ[3]॥ ਅਗਮ ਅਗਾਧ ਅਪਾਰ ਕਹਾਨੀ॥ ਸ੍ਰੀ ਗੁਰ ਘਰ ਕੀ ਜਾਇ ਨ ਜਾਨੀ॥੧੪॥ ਆਗੇ ਉਦੈ ਸਿੰਘ ਜੀ ਚਲੇ॥ ਆਲਮ ਸਿੰਘ ਮਾਨ ਸਿੰਘ ਮਿਲੇ॥ ਦਯਾ ਸਿੰਘ ਹੂ ਚਲੇ ਅਗਾਰੀ॥ ਬਾਮ[4] ਓਰ ਮੁਕਤੇ ਬਲਕਾਰੀ॥੧੫॥ ਰਾਮ ਸਿੰਘ ਈਸਰ ਸਿੰਘ ਫਤੇ॥ ਟਹਲ ਸਿੰਘ ਦੇਵਾ ਸਿੰਘ ਸਤੇ॥ ਦਖਣਿ ਓਰ ਭਏ ਸੁਖਦਾਈ॥ ਮੁਹਕਮ ਸਿੰਘ ਸਾਹਿਬ ਸਿੰਘ ਭਾਈ॥੧੬॥ ਸ੍ਰੀ ਅਜੀਤ ਸਿੰਘ ਸਾਹਿਬ ਪੂਤ॥ ਜੋਰਾਵਰ ਸਿੰਘ ਬਲ ਸੁ ਅਕੂਤ॥ ਪਾਛੇ ਸਤਗੁਰੁ ਕੇ ਤਬ ਚਲੇ॥ ਸਿੰਘ ਪੰਚ ਸੈ ਇਤ ਉਤ ਭਲੇ॥੧੭॥ ਬਾਜਤ ਬਰ ਰਣਜੀਤ ਨਗਾਰਾ॥ ਚਢੇ ਗੁਰੂ ਸਾਹਿਬ ਬਲਧਾਰਾ॥ ਮੋਰਨ ਲਦ ਖਚਰਨ ਕਹਿ ਲੀਨਾ॥ ਅਪਰ ਸਰਬ ਧਨ ਤਯਾਗਨ ਕੀਨਾ॥੧੮॥ ਭਲੇ ਸਸਤ ਸਭ ਸਿੰਘਨ ਦੀਏ॥ ਕਮਰ ਕਸੇ ਮਹਿ ਸਿੰਘਨ ਕੀਏ॥ ਗ੍ਰਾਮ ਪਲੋਲੇ ਲੋ ਸਭ ਗਏ॥ ਸਿੰਘ ਪੰਚਸੈ ਗੋਲ ਬਨਏ॥੧੯॥

ਸਾਖੀ॥੧੯੦॥ ਇਤਿ ਸ੍ਰੀ ਗੁਰੂ ਪਦ ਪ੍ਰੇਮ ਪ੍ਰਕਾਸ਼ ਗੁਰਖੰਡ ਦਸ ਮੰਡਲ ਉਤ੍ਰਾਰਧੇ ਆਨੰਦਪੁਰ ਤਜਨ ਪ੍ਰਸੰਗ ਬਰਨਨਾਤਮਕ ਸਪਤ ਬਿੰਸਤਮੀ ਪ੍ਰਾਤ :॥੨੭॥ਚੋ:॥

